Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20*Issue 156 | Monday, August 09, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਨਹੀਂ ਰਹੇ ਓਨਟਾਰੀਓ ਦੇ ਸਾਬਕਾ ਪ੍ਰੀਮੀਅਰ ਵਿਲੀਅਮ ਡੇਵਿਸ



ਟੋਰਾਂਟੋ, 8 ਅਗਸਤ (ਪੋਸਟ ਬਿਊਰੋ) : ਓਨਟਾਰੀਓ ਦੇ ਸਾਬਕਾ ਪ੍ਰੀਮੀਅਰ ਵਿਲੀਅਮ ਡੇਵਿਸ ਦਾ ਐਤਵਾਰ ਨੂੰ ਬਰੈਂਪਟਨ ਵਿੱਚ ਦੇਹਾਂਤ ਹੋ ਗਿਆ। ਉਹ 92 ਸਾਲਾਂ ਦੇ ਸਨ। ਪਰਿਵਾਰ ਵੱਲੋਂ ਜਾਰੀ ਕੀਤੀ ਗਈ ਰਲੀਜ਼ ਵਿੱਚ ਇਹ ਜਾਣਕਾਰੀ ਦਿੱਤੀ ਗਈ।

ਡੇਵਿਸ ਓਨਟਾਰੀਓ ਦੇ 18ਵੇਂ ਪ੍ਰੀਮੀਅਰ ਸਨ। ਰਲੀਜ਼ ਵਿੱਚ ਦੱਸਿਆ ਗਿਆ ਕਿ ਉਨ੍ਹਾਂ ਨੇ ਆਖਰੀ ਸਾਹ ਆਪਣੇ ਜਾਰਜੀਅਨ ਬੇਅ ਵਾਲੇ ਘਰ ਵਿੱਚ ਲਏ। ਉਨ੍ਹਾਂ ਦੀ ਮੌਤ ਕੁਦਰਤੀ ਹੋਈ ਤੇ ਆਖਰੀ ਸਮੇਂ ਪਰਿਵਾਰਕ ਮੈਂਬਰ ਉਨ੍ਹਾਂ ਦੇ ਕੋਲ ਸਨ। ਡੇਵਿਸ ਨੇ 1971 ਤੋਂ 1985 ਤੱਕ ਓਨਟਾਰੀਓ ਦੇ ਪ੍ਰੀਮੀਅਰ ਵਜੋਂ ਸੇਵਾ ਨਿਭਾਈ। ਉਸ ਸਮੇਂ ਪ੍ਰੋਗੈਸਿਵ ਕੰਜ਼ਰਵੇਟਿਵਾਂ ਦੇ 42 ਸਾਲਾਂ ਦੇ ਸ਼ਾਸਨਕਾਲ ਵਿੱਚੋਂ ਆਖਰੀ 14 ਸਾਲ ਡੇਵਿਸ ਹੱਥ ਹੀ ਓਨਟਾਰੀਓ ਦੀ ਵਾਗਡੋਰ ਰਹੀ।

1959 ਵਿੱਚ ਉਹ ਓਨਟਾਰੀਓ ਵਿਧਾਨਸਭਾ ਵਿੱਚ ਚੁਣੇ ਗਏ।ਪ੍ਰੀਮੀਅਰ ਬਣਨ ਤੋਂ ਪਹਿਲਾਂ ਉਨ੍ਹਾਂ ਸਿੱਖਿਆ ਮੰਤਰੀ ਤੇ ਯੂਨੀਵਰਸਿਟੀਜ਼ ਮਨਿਸਟਰ ਵਜੋਂ ਵੀ ਸੇਵਾਵਾਂ ਨਿਭਾਈਆਂ। ਐਤਵਾਰ ਦੁਪਹਿਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਟਵਿੱਟਰ ਉੱਤੇ ਡੇਵਿਸ ਦੀ ਮੌਤ ਉੱਤੇ ਦੁੱਖ ਪ੍ਰਗਟ ਕੀਤਾ। ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਵੱਲੋਂ ਵੀ ਐਤਵਾਰ ਸਵੇਰੇ ਡੇਵਿਸ ਦੀ ਮੌਤ ਦੀ ਖਬਰ ਮਿਲਦਿਆਂ ਸਾਰ ਹੀ ਬਿਆਨ ਜਾਰੀ ਕਰਕੇ ਅਫਸੋਸ ਪ੍ਰਗਟਾਇਆ ਗਿਆ। ਟੋਰਾਂਟੋ ਦੇ ਮੇਅਰ ਜੌਹਨ ਟੋਰੀ ਤੇ ਪ੍ਰੀਮੀਅਰ ਡੱਗ ਫਰਡ ਨੇ ਡੇਵਿਸ ਦੀ ਮੌਤ ਉੱਤੇ ਦੁੱਖ ਪ੍ਰਗਟ ਕਰਦਿਆਂ ਆਖਿਆ ਕਿ ਸਾਬਕਾ ਪ੍ਰੀਮੀਅਰ ਦੀ ਮੌਤ ਦੇ ਸਬੰਧ ਵਿੱਚ ਸ਼ੋਕ ਵਜੋ ਟੋਰਾਂਟੋ ਵਿੱਚ ਤੇ ਸਾਰੇ ਪ੍ਰੋਵਿੰਸ ਵਿੱਚ ਅਹਿਮ ਇਮਾਰਤਾਂ ਉੱਤੇ ਝੰਡੇ ਅੱਧੇ ਝੁਕੇ ਰਹਿਣਗੇ।

# ਟੋਕੀਓ ਨੇ ਕਿਹਾ: 'ਐਰੀਗਾਤੋ' ਉਲੰਪਿਕ ਦਾ ਸ਼ਾਨਦਾਰ ਸਮਾਪਤੀ ਸਮਾਰੋਹ

ਟੋਕੀਓ, 8 ਅਗਸਤ, (ਪੋਸਟ ਬਿਊਰੋ)- ਅੱਜ ਐਤਵਾਰ ਨੂੰਉਲੰਪਿਕ ਦੇ ਸਮਾਪਤੀ ਸਮਾਰੋਹ ਦੇ ਲਈ ਇਕ ਸ਼ਾਨਦਾਰ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਅਤੇ ਤਕਨਾਲੋਜੀ ਦੇ ਲਈ ਦੁਨੀਆ ਭਰ ਵਿਚ ਜਾਣੇ ਜਾਂਦੇ ਜਾਪਾਨ ਨੇ ਸਮਾਰੋਹ ਨੂੰ ਸ਼ਾਨਦਾਰ ਬਣਾਉਣ ਵਿਚ ਕੋਈ ਕਸਰ ਨਹੀਂ ਛੱਡੀ। ਐੱਲ ਈ ਡੀ ਲਾਈਟਾਂ ਅਤੇ ਲੇਜ਼ਰ ਦੀ ਮਦਦ ਨਾਲ ਕਈ ਤਸਵੀਰਾਂ ਬਣਾਈਆਂ ਅਤੇ ਇਸ ਰੰਗਾ-ਰੰਗ ਮਾਹੌਲ ਵਿੱਚ ਅੰਤਰਰਾਸ਼ਟਰੀ ਉਲੰਪਿਕ ਕਮੇਟੀ ਨੇ ਅਗਲਾ ਉਲੰਪਿਕ ਕਰਾਉਣ ਵਾਲੀ ਪੈਰਿਸ ਉਲੰਪਿਕ ਕਮੇਟੀ ਦੇ ਮੈਂਬਰਾਂ ਨੂੰ ਅਗਲੇ ਉਲੰਪਿਕ ਦੇ ਲਈ ਰਸਮੀ ਮਸ਼ਾਲ ਸੌਂਪ ਦਿੱਤੀ।

ਟੋਕੀਓ ਉਲੰਪਿਕ ਦੇ ਸਮਾਪਤੀ ਸਮਾਰੋਹ ਦੇ ਅੰਤ ਵਿਚ ਟੋਕੀਓ ਦੇ ਲੋਕਲ ਭਾਸ਼ਾ ਦੇ ਸ਼ਬਦ ਐਰੀਗਾਤੋ (ਧੰਨਵਾਦ) ਦੇ ਨਾਲ ਸਭ ਨੂੰ ਵਿਦਾ ਕੀਤਾ ਗਿਆ। ਇਸ ਮੌਕੇ ਉਲੰਪਿਕ ਦੇ ਸਮਾਪਤੀ ਸਮਾਰੋਹ ਦੌਰਾਨ ਹੀ ਦੂਰ ਫਰਾਂਸ ਦੀ ਰਾਜਧਾਨੀ ਪੈਰਿਸ ਦੇ ਆਈਫਲ ਟਾਵਰ ਉੱਤੇ 2024 ਵਿੱਚ ਹੋਣ ਵਾਲੇ ਪੈਰਿਸ ਉਲੰਪਿਕ ਦਾ ਸ਼ਾਨਦਾਰ ਝੰਡਾ ਲਹਿਰਾਇਆ ਗਿਆ।ਪੈਰਿਸ ਪ੍ਰਸ਼ਾਸਨ ਨੇ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ ਉਹ ਇਸ ਮੌਕੇ ਵੱਡਾ ਝੰਡਾ ਲਹਿਰਾਉਣਗੇ।

*** ਅਮਰੀਕਾ ਦੀ ਐਥਲੀਟ ਨੇ ਟੋਕੀਓ ਉਲੰਪਿਕ ਵਿੱਚ 11 ਤਮਗੇ ਜਿੱਤੇ**






ਜਪਾਨ ਦੇ ਸ਼ਹਿਰ ਟੋਕੀਓਵਿੱਚ ਹੋਏ ਇਨ੍ਹਾਂ ਉਲੰਪਿਕ ਵਿਚ ਅਮਰੀਕਾ ਦੀ ਇੱਕਮਹਿਲਾ ਟਰੈਕ ਐਥਲੀਟ ਨੇ 11 ਤਮਗੇ ਜਿੱਤ ਕੇ ਧੁੰਮ ਮਚਾ ਦਿੱਤੀ ਹੈ। ਐਲਿਸਨ ਫੇਲਿਕਸ ਨਾਮ ਦੀ ਇਹ ਐਥਲੀਟ ਸਭ ਤੋਂ ਵੱਧ ਤਮਗੇ ਜਿੱਤਣ ਵਾਲੀ ਅਮਰੀਕੀ ਐਥਲੀਟ ਬਣ ਗਈ ਹੈ। ਉਸਨੇ ਸ਼ਨੀਵਾਰ ਨੂੰ ਆਪਣਾ 11 ਵਾਂ ਤਮਗਾ ਜਿੱਤਿਆ। ਇਸ ਤੋਂ ਪਹਿਲਾਂ ਅਮਰੀਕਾ ਦੇ ਕਾਰਲ ਲੇਵਿਸ ਦਾ ਸਭ ਤੋਂ ਵੱਧ ਤਮਗੇ ਜਿੱਤਣ ਦਾ ਰਿਕਾਰਡ ਸੀ।ਐਲਿਸਨ ਫੇਲਿਕਸ ਦੇ 11 ਤਮਗਿਆਂ ਵਿੱਚੋਂ ਸੱਤ ਸੋਨੇ ਦੇ, ਤਿੰਨ ਚਾਂਦੀ ਅਤੇ ਇੱਕ ਕਾਂਸੀ ਦਾ ਤਮਗਾ ਹੈ। 35 ਸਾਲ ਦੀ ਉਮਰਵਿੱਚਉਹ ਟਰੈਕ ਐਂਡ ਫੀਲਡ ਸੋਨ ਤਮਗਾ ਜਿੱਤਣ ਵਾਲੀ ਸਭ ਤੋਂ ਵੱਧ ਉਮਰ ਦੀ ਅਮਰੀਕੀ ਮਹਿਲਾ ਵੀ ਹੈ।ਟੋਕੀਓ ਖੇਡਾਂ ਨੇ ਫੇਲਿਕਸ ਨੂੰ ਇਕ ਮਾਂ ਵਜੋਂ ਵੀ ਪੇਸ਼ ਕੀਤਾ ਹੈ। ਉਸ ਨੇ ਜੂਨਵਿੱਚ ਯੂ ਐੱਸ ਟਰੈਕ ਤੇ ਫੀਲਡ ਉਲੰਪਿਕ ਟਰਾਇਲਜ਼ਵਿੱਚ ਪ੍ਰਦਰਸ਼ਨ ਦੇ ਬਾਅਦ ਆਪਣੀ ਧੀ ਕੈਮਰੀ ਗ੍ਰੇਸ ਅਤੇ ਸਾਥੀ ਓਲੰਪੀਅਨ ਕਵੇਨੇਰਾ ਹੇਅਸ ਅਤੇ ਉਸਦੇ ਬੇਟੇ ਡੇਮੇਟ੍ਰੀਅਸ ਦੇ ਨਾਲ ਆਪਣੇ ਖੁਸ਼ੀ ਦੇ ਪਲ ਸਾਂਝੇ ਕੀਤੇ। ਇਹ ਮਹਿਲਾ ਐਥਲੀਟ ਉਨ੍ਹਾਂ ਲੋਕਾਂ ਲਈ ਜਵਾਬ ਹੈ, ਜੋ ਔਰਤਾਂ ਨੂੰ ਕਮਜ਼ੋਰ ਸਮਝਦੇ ਹਨ।

# ਵੈਕਸੀਨੇਸ਼ਨ ਕਰਵਾ ਚੁੱਕੇ ਅਮੈਰੀਕਨ ਟਰੈਵਲਰਜ਼ ਲਈ ਕੈਨੇਡਾ ਨੇ ਖੋਲ੍ਹੇ ਆਪਣੇ ਬਾਰਡਰ

ਵਾਸ਼ਿੰਗਟਨ, 8 ਅਗਸਤ (ਪੋਸਟ ਬਿਊਰੋ) : ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਅਮੈਰੀਕਨ ਨਾਗਰਿਕਾਂ ਤੇ ਪਰਮਾਨੈਂਟ ਰੈਜ਼ੀਡੈਂਟਸ ਲਈ ਕੈਨੇਡਾ ਵੱਲੋਂ ਅੱਜ ਤੋਂ ਆਪਣੇ ਬਾਰਡਰ ਖੋਲ੍ਹ ਦਿੱਤੇ ਗਏ ਹਨ ਜਦਕਿ ਅਮਰੀਕਾ ਅਜੇ ਇਸ ਮਾਮਲੇ ਵਿੱਚ ਚੁੱਪ ਧਾਰੀ ਬੈਠਾ ਹੈ।



ਅਮਰੀਕਾ ਤੋਂ ਗੈਰ ਜ਼ਰੂਰੀ ਟਰੈਵਲ ਲਈ ਕੈਨੇਡਾ ਆਉਣ ਵਾਲੇ ਲੋਕਾਂ ਲਈ ਐਤਵਾਰ ਰਾਤ ਤੋਂ ਪਾਬੰਦੀਆਂ ਹਟਾ ਲਈਆਂ ਗਈਆਂ ਹਨ। ਪਰ ਇਨ੍ਹਾਂ ਟਰੈਵਲਰਜ਼ ਲਈ ਸ਼ਰਤ ਇਹ ਰੱਖੀ ਗਈ ਹੈ ਕਿ ਕੈਨੇਡਾ ਵੱਲੋਂ ਮਨਜ਼ੂਰਸ਼ੁਦਾ ਕੋਵਿਡ-19 ਵੈਕਸੀਨ ਦੀਆਂ ਦੋਵੇਂ ਡੋਜ਼ਾਂ ਇਨ੍ਹਾਂ ਨੇ ਲਵਾਈਆਂ ਹੋਣ।

ਕੈਨੇਡਾ ਅੰਦਰ ਦਾਖਲ ਹੋਣ ਲਈ ਇਨ੍ਹਾਂ ਟਰੈਵਲਰਜ਼ ਦਾ ਅਮਰੀਕਾ ਵਿੱਚ ਰਹਿੰਦੇ ਹੋਣਾ ਵੀ ਜ਼ਰੂਰੀ ਹੈ। ਇਸ ਦੇ ਨਾਲ ਹੀ ਆਪਣੀ ਵੈਕਸੀਨ ਦੀ ਆਖਰੀ ਡੋਜ਼ ਲਵਾਇਆਂ ਨੂੰ 14 ਦਿਨ ਦਾ ਸਮਾਂ ਪੂਰਾ ਹੋ ਗਿਆ ਹੋਣਾ ਚਾਹੀਦਾ ਹੈ। ਬਾਰਡਰ ਉੱਤੇ ਇਨ੍ਹਾਂ ਅਮੈਰੀਕਨ ਟਰੈਵਲਰਜ਼ ਨੂੰ ਕੋਵਿਡ-19 ਸਬੰਧੀ 72 ਘੰਟੇ ਦੇ ਅੰਦਰ ਕਰਵਾਏ ਮੌਲੀਕਿਊਲਰ ਟੈਸਟ ਦੇ ਨੈਗੇਟਿਵ ਹੋਣ ਦਾ ਸਬੂਤ ਵੀ ਦੇਣਾ ਹੋਵੇਗਾ।

ਆਪਣੀ ਵੈਕਸੀਨੇਸ਼ਨ ਸਬੰਧੀ ਹੋਰ ਵੇਰਵੇ ਅਪਲੋਡ ਕਰਨ ਵਾਸਤੇ ਇਹ ਟਰੈਵਲਰਜ਼ ਐਰਾਈਵਕੈਨ ਐਪ ਜਾਂ ਆਨਲਾਈਨ ਵੈੱਬ ਪਰਟਲ ਦੀ ਵਰਤੋਂ ਕਰ ਸਕਦੇ ਹਨ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਵੱਲੋਂ ਚਾਰ ਵੈਕਸੀਨਜ਼ ਨੂੰ ਮਨਜ਼ੂਰੀ ਦਿੱਤੀ ਗਈ ਹੈ ਜਿਨ੍ਹਾਂ ਵਿੱਚ ਫਾਈਜ਼ਰ-ਬਾਇਓਐਨਟੈਕ, ਮੌਡਰਨਾ, ਆਕਸਫੋਰਡ-ਐਸਟ੍ਰਾਜ਼ੈਨੇਕਾ (ਜਿਸ ਨੂੰ ਕੋਵੀਸ਼ੀਲਡ ਵੀ ਆਖਿਆ ਜਾਂਦਾ ਹੈ) ਤੇ ਜੌਹਨਸਨ ਐਂਡ ਜੌਹਨਸਨ (ਸਿੰਗਲ ਡੋਜ਼) ਸ਼ਾਮਲ ਹਨ।

Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Dubai Jewellers
Raj & Gulshan Mob: 416-465-1200
www.dubaijewellers.ca
info@dubaijewellers.ca

INSURANCE
Home · Auto · Business · Trucking · Life Insurance · Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axel InsuranceBrokers Ltd. 1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca 416-502-3100
Jasbir Singh Hundal Qualified Credit Counsellor
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL
416 938 4598

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | AvonFinancial Inc.
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ਨਵਾਂ ਘਾਹ ਲਵਾਉ 647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


KELLEY LAW OFFICE
Immigration · Real Estate · Family Law · Business Closing · Corporate · Wills & Estate · Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E. #15, Mississauga, ON L5T 0B3
Shinder Kelley
905-362-0755

PEST PROBLEM ? Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
KSG Pest Control Inc.
Residential, Commercial
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

MANN LAW FIRM
- Real Estate Law · Business Law
- Wills & Estates · Family Law
- Power of Attorney · Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
2GB
$35/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 2GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਕੈਨਸਿੰਗਟਨ ਮਾਰਕਿਟ ਵਿੱਚ ਚੱਲੀ ਗੋਲੀ, 2 ਹਲਾਕ, 2 ਜ਼ਖ਼ਮੀ

ਟੋਰਾਂਟੋ, 8 ਅਗਸਤ (ਪੋਸਟ ਬਿਊਰੋ) : ਐਤਵਾਰ ਸਵੇਰੇ ਟੋਰਾਂਟੋ ਦੀ ਕੈਨਸਿੰਗਟਨ ਮਾਰਕਿਟ ਵਿੱਚ ਚੱਲੀਆਂ ਗੋਲੀਆਂ ਕਾਰਨ ਦੋ ਵਿਅਕਤੀ ਮਾਰੇ ਗਏ ਜਦਕਿ ਦੋ ਹਸਪਤਾਲ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਹਨ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।

14ਵੀਂ ਡਵੀਜ਼ਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ 6:00 ਵਜੇ ਤੋਂ ਪਹਿਲਾਂ ਸਪੈਡਿਨਾ ਤੇ ਨਸਾਊ ਸਟਰੀਟ ਉੱਤੇ ਗੋਲੀਆਂ ਚੱਲਣ ਦੀ ਖਬਰ ਮਿਲੀ ਤੇ ਉਹ ਤੁਰੰਤ ਮੌਕੇ ਉੱਤੇ ਪਹੁੰਚੇ। ਮੌਕੇ ਉੱਤੇ ਉਨ੍ਹਾਂ ਨੂੰ ਚਾਰ ਵਿਅਕਤੀ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲੇ। ਇਨ੍ਹਾਂ ਵਿੱਚੋਂ ਦੋ ਵਿਅਕਤੀਆਂ ਦੇ ਸਿਰ ਵਿੱਚ ਗੋਲੀ ਲੱਗੀ ਸੀ। ਟੋਰਾਂਟੋ ਪੈਰਾਮੈਡਿਕਸ ਨੇ ਦੱਸਿਆ ਕਿ ਦੋ ਵਿਅਕਤੀਆਂ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਦੋ ਹੋਰਨਾਂ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਕਾਂਸਟੇਬਲ ਐਲੈਕਸ ਲੀ ਨੇ ਦੱਸਿਆ ਕਿ ਇਸ ਗੋਲੀਕਾਂਡ ਦਾ ਸ਼ਿਕਾਰ ਹੋਏ ਵਿਅਕਤੀਆਂ ਦੀ ਉਮਰ 28 ਸਾਲ ਤੋਂ 43 ਸਾਲ ਸੀ। ਅਜੇ ਕਿਸੇ ਮਸ਼ਕੂਕ ਸਬੰਧੀ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ। ਡਿਟੈਕਟਿਵਜ਼ ਨੇ ਦੱਸਿਆ ਕਿ ਉਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਹ ਸੱਭ ਕਿਵੇਂ ਵਾਪਰਿਆ।



SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Paramjit Singh Gill (MBA,LL.B.)
Tel: 905-790-3636
Emergency Contact: 416.910.5676
www.shergilllawfirm.ca

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol 647-204-1936

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor








For More Details Call: 416-970-5005/647-242-8667

Jas Toor
Sales Repersentative
Sutton Group-Realty Experts
Brokerage*

Jagdish Grewal
Sales Repersentative
Century 21 President Realty Inc.
Brokerage*

## ਅੱਜ ਨਾਮਾ >>

ਕੁਦਰਤ ਆਖਦੀ ਬੰਦੇ ਨੂੰ ਕਰ ਹਿੰਮਤ,
ਔਕੜ ਬੰਦੇ ਦੇ ਛੱਡ ਰਹੀ ਪੈਰ ਨਾਹੀਂ।
ਔਕੜ ਆਖਦੀ ਚੋਟ ਕਰ ਪਲਟਵੀਂ ਤੂੰ,
ਕੁਦਰਤ ਆਖਿਆ ਪਾਲਣਾ ਵੈਰ ਨਾਹੀਂ।
ਦੁਨੀਆਂ ਆਖਦੀ ਸਿੱਧਦਾ ਪੈਰ ਜੋ ਵੀ,
ਉਸ ਦੀ ਮੰਗਣੀ ਕਦੇ ਵੀ ਖੈਰ ਨਾਹੀਂ।
ਬਾਬੇ ਆਖ ਗਏ ਬੁਰੇ ਦਾ ਭਲਾ ਕਰਨਾ,
ਮੰਨਣਾ ਕਿਸ ਨੂੰ ਕਦੀ ਵੀ ਗੈਰ ਨਾਹੀਂ।
ਬੰਦਾ ਉਲਝਣ ਦੇ ਵਿੱਚ ਹੈ ਪਿਆ ਹੁੰਦਾ,
ਮੰਨੇ ਲੋਕਾਂ ਜਾਂ ਕੁਦਰਤ ਦੀ ਬਾਤ ਬੇਲੀ।
ਖੜਾ ਰਹਿੰਦਾ ਚੌਰਾਹੇ ਵਿੱਚ ਸੋਚਦਾ ਹੀ,
ਏਦਾਂ ਈ ਲੰਘਦੇ ਦਿਨ ਜਾਂ ਰਾਤ ਬੇਲੀ।


**ਤੀਸ ਮਾਰ ਖਾਂ**

# ਕਈ ਕਰੋੜ ਦਾ ਕਣਕ ਘਪਲਾ : ਦੋਸ਼ੀ ਅਧਿਕਾਰੀਆਂ-ਕਰਮਚਾਰੀਆਂ ਵਿਰੁੱਧ ਸਖਤ ਕਾਰਵਾਈ ਦੇ ਹੁਕਮ ਜਾਰੀ

ਚੰਡੀਗੜ੍ਹ, 8 ਅਗਸਤ, (ਪੋਸਟ ਬਿਊਰੋ)- ਅੰਮ੍ਰਿਤਸਰ ਜ਼ਿਲ੍ਹੇ ਦੇ ਜੰਡਿਆਲਾ ਗੁਰੂ ਕੇਂਦਰ ਵਿਖੇ ਕਣਕ ਦੇ ਸਟਾਕ ਵਿੱਚ ਪਾਈ ਗਈ ਘਾਟ ਲਈ ਦੋਸ਼ੀ ਅਧਿਕਾਰੀਆਂ/ਮੁਲਾਜ਼ਮਾਂ ਦੇ ਵਿਰੁੱਧ ਸਖਤ ਕਾਰਵਾਈ ਲਈ ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਆਦੇਸ਼ ਜਾਰੀ ਕਰ ਦਿੱਤੇ ਹਨ।

ਇਸ ਸੰਬੰਧ ਵਿੱਚ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਦੱਸਿਆ ਕਿ ਉਨ੍ਹਾ ਦੇ ਵਿਭਾਗ ਦੇ ਮੁੱਖ ਦਫਤਰ ਨੇ ਜੰਡਿਆਲਾ ਗੁਰੂ ਵਿਖੇ ਤਾਇਨਾਤ ਇੰਸਪੈਕਟਰ ਜਸਦੇਵ ਸਿੰਘ ਦੇ ਅਚਾਨਕ ਲਾਪਤਾ ਹੋਣ ਦੀ ਸੂਚਨਾ ਦਾ ਪਤਾ ਲੱਗਣਉੱਤੇ ਤੁਰੰਤ ਮੁੱਖ ਦਫਤਰ ਤੋਂ ਸੈਂਟਰਲ ਵਿਜੀਲੈਂਸ ਕਮੇਟੀ (ਸੀ ਵੀ ਸੀ) ਨੂੰ ਟੀਮਾਂ ਬਣਾ ਕੇ ਜੰਡਿਆਲਾ ਗੁਰੂ ਵਿਖੇ ਪਨਗ੍ਰੇਨ ਦੇ ਗੋਦਾਮਾਂ/ਪਲਿੰਥਾਂ ਦੀ ਸਪੈਸ਼ਲ ਫਿਜ਼ੀਕਲ ਵੈਰੀਫਿਕੇਸ਼ਨ ਕਰਨ ਲਈ ਹਦਾਇਤ ਕੀਤੀ ਅਤੇ ਸੀ ਵੀ ਸੀ ਵਲੋਂ ਵੱਖ-ਵੱਖ ਟੀਮਾਂ ਦੀ ਜਾਂਚਪਿੱਛੋਂ ਮੁੱਢਲੀ ਰਿਪੋਰਟ ਵਿੱਚ ਜੰਡਿਆਲਾ ਗੁਰੂ ਕੇਂਦਰ ਵਿਖੇ ਸਾਲ 2018-19, ਸਾਲ 2020-21 ਅਤੇ 2021-22 ਦੇ ਕੇਂਦਰੀ ਪੂਲ ਅਤੇ ਡੀ ਸੀ ਪੀ ਕਣਕ ਦੇ ਸਟਾਕ ਵਿੱਚ ਕੁੱਲ 1,84,344 ਬੋਰੀਆਂ ਦੀ ਘਾਟ ਨਿਕਲੀ ਹੈ , ਜਿਸਦੀ ਕੀਮਤ ਕਰੀਬ 20 ਕਰੋੜ ਰੁਪਏ ਬਣਦੀ ਹੈ।

ਮੰਤਰੀ ਆਸ਼ੂ ਦਾ ਦਾਅਵਾ ਹੈ



ਕਿ ਇਸ ਦਾ ਨੋਟਿਸ ਲੈ ਕੇ ਉਨਾਂ ਨੇ ਇਸ ਕੇਸ ਦੇ ਦੋਸ਼ੀ ਸਾਰੇਅਫਸਰਾਂ/ਮੁਲਾਜ਼ਮਾਂਦੇ ਵਿਰੁੱਧ ਸਖ਼ਤ ਵਿਭਾਗੀ ਕਾਰਵਾਈ ਦੇ ਹੁਕਮ ਦਿੱਤੇ ਹਨ ਤੇ ਜੰਡਿਆਲਾ ਗੁਰੂ ਵਿਖੇ ਤਾਇਨਾਤ ਅਮਰਿੰਦਰ ਸਿੰਘ ਜ਼ਿਲਾ ਖੁਰਾਕ ਸਪਲਾਈ ਅਫਸਰ ਤੇ ਅਰਸ਼ਦੀਪ ਸਿੰਘ ਸਹਾਇਕ ਖੁਰਾਕ ਸਪਲਾਈ ਅਫਸਰ ਨੂੰ ਸਸਪੈਂਡ ਕਰ ਕੇ ਉਨਾਂ ਖਿਲਾਫ ਵਿਭਾਗੀ ਕਾਰਵਾਈ/ਚਾਰਜਸ਼ੀਟ ਦੇ ਹੁਕਮ ਦਿੱਤੇ ਹਨ। ਇਸ ਤੋਂ ਇਲਾਵਾ ਰਾਜ ਰਿਸ਼ੀ ਮਹਿਰਾ ਜ਼ਿਲਾ ਖੁਰਾਕ ਸਪਲਾਈ ਕੰਟਰੋਲਰ ਅੰਮ੍ਰਿਤਸਰ ਤੇ ਉਨ੍ਹਾਂ ਤੋਂ ਪਹਿਲਾਂ ਇਸੇ ਅਹੁਦੇ ਉੱਤੇ ਰਹੀ ਸ੍ਰੀਮਤੀ ਜਸਜੀਤ ਕੌਰ ਨੂੰਸੁਪਰਵਾਈਜ਼ਰੀ ਲੈਪਸ ਤੇ ਅਣਗਹਿਲੀ ਲਈਚਾਰਜਸ਼ੀਟ ਦੇ ਹੁਕਮ ਦਿੱਤੇ ਹਨ। ਇਸ ਦੇ ਨਾਲ ਥਾਣਾ ਜੰਡਿਆਲਾ ਵਿਖੇ ਦੋਸ਼ੀ ਇੰਸਪੈਕਟਰ, ਜਿਹੜਾ ਇੱਕ ਕਾਂਗਰਸੀ ਵਿਧਾਇਕ ਦਾ ਭਾਣਜਾ ਹੈ, ਦੇ ਵਿਰੁੱਧ ਕੇਸ ਦਰਜ ਕਰਵਾ ਦਿੱਤਾ ਗਿਆ ਹੈ ।

## ਮਿਜ਼ੋਰਮ ਵੱਲ ਨੂੰ ਗਏ ਆਸਾਮ ਦੇ 9 ਟਰੱਕਾਂ ਉੱਤੇ ਭੀੜ ਵਲੋਂ ਹਮਲਾ, ਡਰਾਈਵਰਾਂ ਦੀ ਕੁੱਟ-ਮਾਰ

ਗੁਹਾਟੀ, 8 ਅਗਸਤ, (ਪੋਸਟ ਬਿਊਰੋ)- ਭਾਰਤ ਦੇ ਦੋਉੱਤਰ-ਪੂਰਬੀ ਰਾਜਾਂ ਆਸਾਮ ਤੇ ਮਿਜ਼ੋਰਮ ਦੀ ਸਾਂਝੀ ਹੱਦ ਉੱਤੇ ਸ਼ਨੀਵਾਰ ਦੇਰ ਰਾਤ ਇਕ ਵਾਰ ਫਿਰ ਹਿੰਸਾ ਹੋਈ ਅਤੇ ਆਸਾਮ ਤੋਂ ਮਿਜ਼ੋਰਮ ਜਾਂਦੇ 9 ਟਰੱਕਾਂ ਉੱਤੇ 400 ਤੋਂ 500 ਲੋਕਾਂ ਦੀ ਭੀੜ ਨੇ ਹਮਲਾ ਕਰ ਦਿੱਤਾ।ਇਸ ਭੀੜ ਨੇ ਟਰੱਕਾਂ ਦੇ ਸ਼ੀਸ਼ੇ ਤੋੜ ਦਿੱਤੇ, ਡਰਾਈਵਰਾਂ ਨੂੰ ਕੁੱਟਿਆ ਅਤੇ ਕਈ ਘੰਟੇ ਉਥਲ-ਪੁਥਲ ਮਚਾਈ ਰੱਖੀ। ਇਹ ਡਰਾਈਵਰ ਬੜੀ ਮੁਸ਼ਕਲ ਨਾਲ ਜਾਨ ਬਚਾ ਕੇ ਨਿਕਲੇ।

ਪਤਾ ਲੱਗਾ ਹੈ ਕਿ ਸ਼ਨੀਵਾਰ ਬਾਅਦ ਦੁਪਹਿਰ ਤਿੰਨ ਵਜੇ ਦੇ ਲਗਭਗ ਆਕਸੀਜਨ ਕੰਸਨਟ੍ਰੇਟਰ, ਤੇਲ, ਗੈਸ ਅਤੇ ਹੋਰ ਜੀਵਨ ਰੱਖਿਅਕ ਸਾਮਾਨ ਲੈ ਕੇ 9 ਟਰੱਕ ਆਸਾਮ ਦੇ ਸਿਲਚਰ ਤੋਂ ਮਿਜ਼ੋਰਮ ਨੂੰ ਗਏ ਤਾਂ ਇਨ੍ਹਾਂ ਦੀ ਸੁਰੱਖਿਆ ਲਈ ਆਸਾਮ ਪੁਲਸ ਦੇ ਜਵਾਨ ਦੋ ਮੋਟਰ ਗੱਡੀਆਂਵਿੱਚਨਾਲ ਸਨ ਅਤੇ ਇਕ ਹੋਰ ਮੋਟਰ ਗੱਡੀਵਿੱਚ ਸੀ ਆਰ ਪੀ ਐੱਫ ਦੇ ਜਵਾਨ ਸਨ। ਆਸਾਮ ਦੇ ਸਭ ਤੋਂ ਆਖਰੀ ਸ਼ਹਿਰ ਲੈਲਾਪੁਰ ਜਾ ਕੇ ਆਸਾਮ ਪੁਲਸ ਦੀਆਂ ਦੋਵੇਂ ਗੱਡੀਆਂ ਅਤੇ ਸੀ ਆਰ ਪੀ ਐੱਫ ਦੀ ਗੱਡੀ ਲਾਪਤਾ ਹੋ ਗਈ।ਇਸ ਮੌਕੇ 400 ਤੋਂ 500 ਦੇ ਲਗਭਗ ਲੋਕਾਂ ਨੇ ਟਰੱਕਾਂ ਉੱਤੇ ਹਮਲਾ ਕਰ ਦਿੱਤਾ ਤਾਂ ਨੌਂ ਵਿਚੋਂ ਦੋ ਟਰੱਕਾਂ ਦੇ ਡਰਾਈਵਰ ਲੋਕਲ ਦੋਸਤਾਂ ਦੀ ਮਦਦ ਨਾਲ ਟਰੱਕ ਛੱਡ ਕੇ ਨਿਕਲਆਏ। ਬਾਕੀ ਡਰਾਈਵਰ ਉਥੇ ਫਸ ਗਏ। ਰਾਤ 8 ਵਜੇ ਦੇ ਕਰੀਬ ਆਸਾਮ ਪੁਲਸ ਦੇ ਹੋਰ ਜਵਾਨ ਓਥੇਪੁੱਜੇ ਤੇ ਭੀੜ ਨੂੰ ਭਜਾ ਕੇ ਟਰੱਕ ਲਿਆਂਦੇ।

# ਮਿਸੀਸਾਗਾ ਵਿੱਚ ਵਾਪਰੇ ਗੋਲੀਕਾਂਡ ਵਿੱਚ ਦੋ ਜ਼ਖ਼ਮੀ

ਮਿਸੀਸਾਗਾ, 8 ਅਗਸਤ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਵਾਪਰੇ ਦੋਹਰੇ ਗੋਲੀਕਾਂਡ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਰਾਤੀਂ 9:00 ਵਜੇ ਦੇ ਨੇੜੇ ਤੇੜੇ ਹਾਈਵੇਅ 401 ਤੋਂ ਉੱਤਰ ਵੱਲ ਹੁਰੌਨਤਾਰੀਓ ਸਟਰੀਟ ਤੇ ਵਰਲਡ ਡਰਾਈਵ ਇਲਾਕੇ ਵਿੱਚ ਕਈ ਗੋਲੀਆਂ ਚੱਲਣ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਪੁਲਿਸ ਮੌਕੇ ਉੱਤੇ ਪਹੁੰਚੀ।ਮੌਕੇ ਉੱਤੇ ਪੁਲਿਸ ਨੂੰ ਦੋ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ। ਉਨ੍ਹਾਂ




ਦੋਵਾਂ ਨੂੰ ਗੋਲੀ ਲੱਗੀ ਸੀ।ਪੁਲਿਸ ਨੇ ਦੋਵਾਂ ਦੀ ਹਾਲਤ ਬਾਰੇ ਤਫਸੀਲ ਨਾਲ ਜਾਣਕਾਰੀ ਨਹੀਂ ਦਿੱਤੀ ਪਰ ਦੱਸਿਆ ਕਿ ਪੈਰਾਮੈਡਿਕਸ ਵੱਲੋਂ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ।ਪੁਲਿਸ ਵੱਲੋਂ ਕਿਸੇ ਮਸ਼ਕੂਕ ਦਾ ਵੇਰਵਾ ਵੀ ਜਾਰੀ ਨਹੀਂ ਕੀਤਾ ਗਿਆ ਹੈ।

# ਅਮਰੀਕਾ ਦੇ ਸ਼ਿਕਾਗੋ ਵਿੱਚ ਗੋਲੀਬਾਰੀ, ਮਹਿਲਾ ਪੁਲਸ ਅਧਿਕਾਰੀ ਦੀ ਮੌਤ, ਇਕ ਜ਼ਖਮੀ

ਸ਼ਿਕਾਗੋ, 8 ਅਗਸਤ, (ਪੋਸਟ ਬਿਊਰੋ)- ਅਮਰੀਕਾ ਦੇ ਸ਼ਿਕਾਗੋ ਵਿੱਚ ਇਕ ਵਾਹਨ ਰੋਕੇ ਜਾਣ ਦੇ ਮੌਕੇ ਹੋਈ ਗੋਲੀਬਾਰੀ ਵਿੱਚ ਇੱਕ 29 ਸਾਲਾ ਮਹਿਲਾ ਪੁਲਸ ਅਧਿਕਾਰੀ ਦੀ ਮੌਤ ਹੋ ਗਈ ਅਤੇ ਇਕ ਹੋਰ ਪੁਲਸ ਅਧਿਕਾਰੀ ਜ਼ਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਇਸ ਸੰਬੰਧ ਵਿੱਚ ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਸ਼ਨੀਵਾਰ ਨੂੰ ਵਾਪਰੀ ਇਹ ਘਟਨਾਸਾਲ 2018 ਤੋਂ ਬਾਅਦ ਸ਼ਿਕਾਗੋ ਦੇ ਕਿਸੇ ਪੁਲਸ ਅਧਿਕਾਰੀ ਉੱਤੇ ਜਾਨਲੇਵਾ ਗੋਲੀਬਾਰੀ ਦੀ ਪਹਿਲੀ ਵਾਰਦਾਤ ਹੈ।ਪੁਲਸ ਦੇ ਮੁਤਾਬਕ ਵੈਸਟ ਈਂਗਲਵੁੱਡ ਦੇ ਸਾਊਥ ਸਾਈਡਵਿੱਚ ਦੋਵਾਂ ਪੁਲਸ ਅਫਸਰਾਂ ਉੱਤੇਓਦੋਂ ਗੋਲੀਬਾਰੀ ਹੋਈ, ਜਦ ਇਕ ਵਾਹਨ ਨੂੰ ਉਨ੍ਹਾਂ ਨੇ ਹੌਲੀ ਕਰ ਕੇ ਸੜਕੇ ਕੰਢੇ ਖੜ੍ਹਾ ਕਰਨ ਦਾ ਹੁਕਮ ਦਿੱਤਾ। ਇਸ ਵਾਹਨਵਿੱਚਦੋ ਪੁਰਸ਼ ਤੇ ਇਕ ਮਹਿਲਾ ਸਵਾਰ ਸੀ। ਸ਼ਿਕਾਗੋ ਪੁਲਸ ਦੇ ਫਸਟ ਡਿਪਟੀ ਸੁਪਰਡੈਂਟ ਏਰਿਕ ਕਾਰਟਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅਧਿਕਾਰੀਆਂ ਨੇ ਵੀ ਜਵਾਬੀ ਗੋਲੀਬਾਰੀ ਕੀਤੀ ਤੇ ਵਾਹਨਵਿੱਚ ਸਵਾਰ ਇਕ ਵਿਅਕਤੀ ਜ਼ਖਮੀ ਹੋ ਗਿਆ, ਪਰ ਉਸ ਦੀ ਹਾਲਤ ਬਾਰੇ ਨਹੀਂ ਦੱਸਿਆ। ਉਨ੍ਹਾਂ ਦੱਸਿਆ ਕਿ ਮਹਿਲਾ ਅਫਸਰ ਦੀ ਬਾਅਦਵਿੱਚਯੂਨੀਵਰਸਿਟੀ ਆਫ ਸ਼ਿਕਾਗੋ ਦੇ ਮੈਡੀਕਲ ਸੈਂਟਰਵਿੱਚ ਮੌਤ ਹੋ ਗਈ ਅਤੇ ਗੋਲੀਬਾਰੀ



ਵਿੱਚ ਜ਼ਖਮੀ ਹੋਏ ਇਕ ਹੋਰ ਅਧਿਕਾਰੀ ਉਥੇ ਆਪਣੀ ਜ਼ਿੰਦਗੀ ਲਈ ਸੰਘਰਸ਼ ਕਰ ਰਿਹਾ ਹੈ। ਕਾਰਟਰ ਨੇ ਦੱਸਿਆ ਕਿ ਵਾਹਨਵਿੱਚ ਸਵਾਰ ਦੋ ਹੋਰ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

# ਪਾਕਿ ਦੀ ਕੱਟੜਪੰਥੀ ਜੱਥੇਬੰਦੀ ਮੰਦਰ ਨੂੰ ਤੋੜਨ ਵਾਲਿਆਂ ਦੇ ਪੱਖ ਵਿੱਚ ਨਿੱਤਰੀ

ਇਸਲਾਮਾਬਾਦ, 8 ਅਗਸਤ, (ਪੋਸਟ ਬਿਊਰੋ)- ਪਾਕਿਸਤਾਨ ਦੇ ਰਹੀਮ ਯਾਰ ਖ਼ਾਨਵਿੱਚ ਗਣੇਸ਼ ਮੰਦਰਦੀ ਭੰਨਤੋੜ ਦੀ ਘਟਨਾ ਵਿਰੁੱਧਨੋਟਿਸ ਲੈ ਕੇ ਓਥੋਂ ਦੀ ਸੁਪਰੀਮ ਕੋਰਟ ਨੇ ਸਖ਼ਤ ਕਾਰਵਾਈ ਦੇ ਲਈ ਹੁਕਮ ਦਿੱਤੇ ਹਨ, ਪਰ ਕੱਟੜਪੰਥੀ ਆਪਣੇ ਓਸੇ ਰਾਹ ਉੱਤੇ ਚੱਲ ਰਹੇ ਹਨ। ਮਿੱਲੀ ਇੱਕਮੁੱਠਤਾ ਕੌਂਸਲ (ਐੱਮਵਾਈਸੀ) ਹਿੰਦੂ ਮੰਦਰ ਤੋੜਨ ਵਾਲਿਆਂ ਦੇ ਸਮਰਥਨਵਿੱਚਖੁੱਲ੍ਹ ਕੇ ਉਤਰ ਆਈ ਹੈ, ਜਿਸ ਨਾਲ ਹਿੰਦੂ ਭਾਈਚਾਰੇ ਵਿੱਚ ਦਹਿਸ਼ਤ ਹੈ।

ਵਰਨਣ ਯੋਗ ਹੈ ਕਿ ਇਹ ਕੌਂਸਲ ਐੱਮਵਾਈਸੀ ਪਾਕਿਸਤਾਨਵਿੱਚ 22 ਕੱਟੜਪੰਥੀ ਧਾਰਮਿਕ ਅਤੇ ਸਿਆਸੀ ਸੰਗਠਨਾਂ ਨੂੰ ਮਿਲਾ ਕੇ ਬਣਾਈ ਗਈ ਹੈ। ਇਸ ਦੀਆਂ ਹਰ ਤਿੰਨ ਸਾਲ ਬਾਅਦ ਚੋਣਾਂ ਹੁੰਦੀਆਂ ਹਨ ਅਤੇ ਇਸ ਵਾਰ ਚੋਣਾਂਵਿੱਚ ਜਮੀਅਤ ਉਲੇਮਾ-ਏ-ਪਾਕਿਸਤਾਨ ਦਾ ਅਬੁਲ ਖੈਰ ਜੁਬੈਰ ਪ੍ਰਧਾਨ ਚੁਣਿਆ ਗਿਆ ਹੈ। ਚੋਣ ਪਿੱਛੋਂ ਪੈੱਸ ਦੇ ਨਾਲ ਗੱਲਬਾਤਵਿੱਚ ਜਦੋਂ ਉਨ੍ਹਾਂ ਤੋਂ ਰਹੀਮ ਯਾਰ ਖ਼ਾਨਵਿੱਚ ਹਿੰਦੂ ਮੰਦਰ ਤੋੜੇ ਜਾਣ ਬਾਰੇਪੁੱਛਿਆ ਤਾਂ ਪਹਿਲਾਂ ਉਹ ਅਣਜਾਣ ਬਣ ਗਏ ਅਤੇ ਫਿਰ ਹੈਦਰਾਬਾਦ ਦੀ ਕਿਸੇ ਘਟਨਾ ਦਾ ਜ਼ਿਕਰ ਕਰਨ ਲੱਗੇ। ਉਨ੍ਹਾਂ ਨੇ ਇਸ ਘਟਨਾ ਦੀ ਨਿੰਦਾ ਕਰਨ ਤੋਂ ਨਾਂਹ ਕਰ ਦਿੱਤੀ। ਜਥੇਬੰਦੀ ਦੇ ਪ੍ਰਧਾਨ ਨੇ ਕੱਟੜਪੰਥੀਆਂ ਦੀ ਪੈਰਵੀ ਕਰਦੇ ਹੋਏ ਕਿਹਾ ਕਿ ਘੱਟ ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਦਾ ਮਤਲਬ ਇਹ ਨਹੀਂ ਕਿ ਬਹੁ-ਗਿਣਤੀਆਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕੀਤਾ ਜਾਵੇ।



ਦੂਸਰੇ ਪਾਸੇ ਪਾਕਿਸਤਾਨ ਦੇ ਖ਼ੈਬਰ ਪਖਤੂਨਖਵਾ ਰਾਜ ਦੀ ਵਿਧਾਨ ਸਭਾ ਨੇ ਪੰਜਾਬ ਸੂਬੇਵਿੱਚ ਹਿੰਦੂ ਮੰਦਰ ਤੋੜੇ ਜਾਣ ਬਾਰੇ ਨਿੰਦਾ ਮਤਾ ਪਾਸ ਕੀਤਾ ਹੈ। ਇਹ ਮਤਾ ਘੱਟ ਗਿਣਤੀ ਵਿਧਾਇਕ ਰਵੀ ਕੁਮਾਰ ਨੇ ਸਦਨਵਿੱਚ ਰੱਖਿਆ। ਮਤੇ ਉੱਤੇਚਰਚਾ ਦੌਰਾਨ ਸਾਰੇ ਮੈਂਬਰਾਂ ਨੇ ਹਿੰਦੂ ਮੰਦਰਵਿੱਚ ਭੰਨਤੋੜ ਅਤੇ ਸਾੜ-ਫੂਕ ਦੀ ਨਿੰਦਾ ਕੀਤੀ। ਵਿਧਾਨ ਸਭਾਵਿੱਚਘੱਟ ਗਿਣਤੀ ਮਾਮਲਿਆਂਬਾਰੇ ਇਕ ਕਮਿਸ਼ਨ ਬਣਾਉਣ ਦਾ ਵੀ ਮਤਾ ਪਾਸ ਕੀਤਾ ਗਿਆ।

# ਅਫ਼ਗ਼ਾਨ ਹਵਾਈ ਫ਼ੌਜ ਦੀ ਏਅਰਸਟ੍ਰਾਈਕ ਵਿੱਚ 572 ਤਾਲਿਬਾਨ ਨੂੰ ਮਾਰਨ ਦਾ ਦਾਅਵਾ

### * ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਅਫਗਾਨਿਸਤਾਨ ਤੋਂ ਨਿਕਲਣ ਨੂੰ ਕਿਹਾ

ਕਾਬੁਲ, 8 ਅਗਸਤ, (ਪੋਸਟ ਬਿਊਰੋ)- ਅਫ਼ਗਾਨਿਸਤਾਨਵਿੱਚ ਪੇਂਡੂ ਖੇਤਰਾਂ ਉੱਤੇ ਕਬਜ਼ੇ ਪਿੱਛੋਂਤਾਲਿਬਾਨ ਸੂਬਿਆਂ ਦੀਆਂ ਰਾਜਧਾਨੀਆਂ ਉੱਤੇ ਵੀ ਤੇਜ਼ੀ ਨਾਲ ਕਬਜ਼ੇ ਕਰਨ ਲੱਗੇ ਹਨ ਅਤੇ ਲਗਾਤਾਰ ਤੀਸਰੇ ਦਿਨ ਤਾਲਿਬਾਨ ਨੇ ਤੀਸਰੀ ਸੂਬਾਈ ਰਾਜਧਾਨੀ ਉੱਤੇ ਕੁੰ-ਦੁਜ ਉੱਤੇ ਕਬਜ਼ਾ ਕਰ ਲਿਆ ਹੈ।

ਇਸ ਦੌਰਾਨ ਅਫ਼ਗਾਨ ਫ਼ੌਜ ਤਾਲਿਬਾਨ ਦਾ ਕਬਜ਼ਾ ਤੋੜਨ ਅਤੇ ਅੱਗੇ ਵਧਣ ਤੋਂ ਰੋਕਣ ਲਈ ਹਵਾਈ ਹਮਲੇ ਕਰ ਰਹੀ ਹੈ। ਸ਼ਬਰਗਾਨਵਿੱਚ 200 ਅੱਤਵਾਦੀਆਂ ਦੇ ਮਾਰੇ ਜਾਣ ਨਾਲ ਫ਼ੌਜ ਨੇ ਅਫ਼ਗਾਨਿਸਤਾਨਵਿੱਚ 572 ਅੱਤਵਾਦੀਆਂ ਨੂੰ ਮਾਰਨ ਦਾ ਦਾਅਵਾ ਕੀਤਾ ਹੈ।ਜੌਜਾਨ ਰਾਜ ਦੀ ਰਾਜਧਾਨੀ ਸ਼ਬਰਗਾਨ, ਨਿਮਰੂਜ ਦੀ ਰਾਜਧਾਨੀ ਜਰੰਜ ਉੱਤੇ ਕਬਜ਼ੇ ਪਿੱਛੋਂ ਕੁੰਦੁਜ ਸ਼ਹਿਰ ਉੱਤੇਤਾਲਿਬਾਨ ਦੇ ਕਬਜ਼ੇ ਦੀਜੰਗਵਿੱਚ ਤਾਲਿਬਾਨ ਅੱਤਵਾਦੀਆਂ ਨੇ ਕਈ ਨਾਗਰਿਕਾਂ ਦਾ ਕਤਲ ਕਰ ਦਿੱਤਾ। ਸ਼ਬਰਗਾਨ ਉੱਤੇ ਤਾਲਿਬਾਨ ਦੇ ਕਬਜ਼ੇ ਪਿੱਛੋਂ ਅਮਰੀਕੀ ਫ਼ੌਜ ਦੇ ਬੀ52 ਜੰਗੀ ਜਹਾਜ਼ਾਂ ਨੇ ਵੀ ਹਵਾਈ ਹਮਲੇ ਕੀਤੇ, ਜਿਨ੍ਹਾਂ ਵਿੱਚ 200 ਅੱਤਵਾਦੀ ਮਾਰੇ ਗਏ ਅਤੇ ਸੌ ਤੋਂ ਵੱਧ ਵਾਹਨ ਨਸ਼ਟ ਹੋ ਗਏ। ਅਫ਼ਗਾਨਿਸਤਾਨ ਦੇ ਰੱਖਿਆ ਮੰਤਰਾਲੇ ਮੁਤਾਬਕ ਪਿਛਲੇ 24 ਘੰਟੇਵਿੱਚ ਵੱਖ-ਵੱਖ ਰਾਜਾਂਵਿੱਚ ਫ਼ੌਜ ਨੇ 572 ਅੱਤਵਾਦੀਆਂ ਨੂੰ ਮਾਰ ਦਿੱਤਾਹੈ।



ਖਬਰ ਏਜੰਸੀ ਮੁਤਾਬਕ ਹੇਲਮੰਦ ਸੂਬੇਵਿੱਚ ਹਵਾਈ ਹਮਲੇਵਿੱਚ ਇਕ ਸਕੂਲ ਤੇ ਕਲੀਨਿਕ ਵੀ ਨੁਕਸਾਨੇ ਗਏ ਹਨ। ਕੁੰਦੁਜਵਿੱਚ ਸਰਕਾਰੀ ਇਮਾਰਤਾਂ ਉੱਤੇ ਤਾਲਿਬਾਨ ਦਾ ਪੂਰੀ ਤਰ੍ਹਾਂ ਕਬਜ਼ਾ ਹੋ ਗਿਆ ਹੈ ਅਤੇ ਸਰ-ਏ-ਪੋਲ ਸ਼ਹਿਰ ਦੀਆਂ ਸਰਕਾਰੀ ਇਮਾਰਤਾਂਵਿੱਚ ਵੀ ਤਾਲਿਬਾਨ ਅੱਤਵਾਦੀ ਵੜ ਗਏ ਹਨ।

ਵਧ ਰਹੇ ਖਤਰੇ ਨੂੰ ਵੇਖਦੇ ਹੋਏ ਅਮਰੀਕਾ ਨੇ ਅਫਗਾਨਿਸਤਾਨਵਿੱਚ ਰਹਿੰਦੇ ਅਮਰੀਕੀ ਨਾਗਰਿਕਾਂ ਨੂੰ ਸੁਰੱਖਿਆ ਦੇ ਕਾਰਨਾਂ ਕਰਕੇ ਤੁਰੰਤ ਵਾਪਸ ਆਉਣ ਅਤੇ ਅਫਗਾਨਿਸਤਾਨ ਛੱਡਣ ਦੀ ਅਪੀਲ ਦੇ ਨਾਲ ਕਿਹਾ ਹੈ ਕਿ ਸੁਰੱਖਿਆ ਅਤੇ ਸਟਾਫ ਦੀ ਕਮੀ ਕਾਰਨ ਕਾਬੁਲਵਿੱਚ ਅਮਰੀਕੀ ਅੰਬੈਸੀ ਵੱਲੋਂ ਉਨ੍ਹਾਂ ਦੀ ਮਦਦ ਦੀ ਸਮਰੱਥਾ ਬਹੁਤ ਘੱਟ ਹੈ। ਅੰਬੈਸੀ ਨੇ ਸ਼ਨੀਵਾਰ ਨੂੰ ਅਮਰੀਕੀਆਂ ਨੂੰ ਵਪਾਰਕ ਉਡਾਣਾਂ ਉੱਤੇ ਵਾਪਸੀ ਦੀਐਡਵਾਈਜ਼ਰੀ ਜਾਰੀ ਕਰ ਕੇ ਕਿਹਾ ਕਿ ਜਿਹੜੇ ਲੋਕ ਟਿਕਟ ਨਹੀਂ ਖਰੀਦ ਸਕਦੇ, ਉਨ੍ਹਾਂ ਨੂੰ ਵਾਪਸੀ ਲਈ ਕਰਜ਼ੇ ਵੀਮਿਲ ਸਕਦੇ ਹਨ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047





REXDALE BODY SHOP
USED CAR SALE
Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com







NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1







Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com






# ਵਧਾਓ ਕੁਦਰਤ ਨਾਲ ਨੇੜਤਾ

-ਜਸਵੀਰ ਬਖਤੂ

ਅਜੋਕਾ ਮਨੁੱਖ ਕੁਦਰਤ ਦੀ ਨਿੱਘੀ ਗੋਦ ਤੋਂ ਸੱਖਣਾ ਹੈ। ਮਨੁੱਖੀ ਸ਼ਖਸੀਅਤ ਵਿੱਚੋਂ ਸੰਪੂਰਨਤਾ ਮਨਫੀ ਹੋ ਰਹੀ ਹੈ। ਟੁਕੜਿਆਂ ਵਿੱਚ ਬਿਖਰੀ ਜ਼ਿੰਦਗੀ ਕੁਦਰਤ ਨਾਲ ਬੇਸੁਰ ਤੇ ਬੇਤਾਲ ਹੋਈ ਬੇਲੋੜੇ ਆਵੇ ਲਾ ਰਹੀ ਹੈ। ਤਿੱਤਲੀਆਂ ਅੱਜ ਵੀ ਅਠਖੇਲੀਆਂ ਕਰਦੀਆਂ ਹਨ, ਪਰ ਸਾਡੀਆਂ ਅੱਖਾਂ ਨੇ ਇਨ੍ਹਾਂ ਕੁਦਰਤੀ ਦ੍ਰਿਸ਼ਾਂ ਨੂੰ ਮਾਨਣਾ ਵਿਸਾਰ ਰੱਖਿਆ ਹੈ। ਰੁੱਖਾਂ ਸੰਗ ਸਾਡੀ ਸਾਂਝ ਫਿੱਕੀ ਪੈ ਗਈ ਹੈ। ਆਪਣੇ ਹੱਥੀਂ ਉਗਾਇਆ ਬੂਟਾ ਜਦੋਂ ਛਾਂਦਾਰ ਰੁੱਖ ਬਣਦਾ ਹੈ ਤਾਂ ਉਸ ਨੂੰ ਜਾਦੂ ਦੀ ਜੱਫੀ ਪਾ ਕੇ ਉਸ ਨਾਲ ਮੋਹ ਭਿੱਜੀਆਂ ਗੱਲਾਂ ਦੀ ਸਾਂਝ ਸਾਡੀ ਰੂਹ ਨੂੰ ਖੁਸ਼ੀ ਪ੍ਰਦਾਨ ਕਰਦੀਆਂ ਹਨ।

ਪੰਛੀ ਅੱਜ ਵੀ ਸਾਡੇ ਹੱਥਾਂ ਦੀਆਂ ਹਥੇਲੀਆਂ ਵਿੱਚੋਂ ਚੋਗਾ ਚੁਗਣ ਲਈ ਵਿਆਕੁਲ ਹਨ, ਪਰ ਅੱਜ ਮਨੁੱਖ ਕੋਲ ਖੁਦ ਲਈ ਵੀ ਕੁਝ ਸਬਰ ਸ਼ੁਕਰ ਨਾਲ ਖਾਣ ਦੀ ਵਿਹਲ ਨਹੀਂ ਰਹੀ। ਸਾਨੂੰ ਜ਼ਿੰਦਗੀ ਜਿਊਣਾ ਤੇ ਮਾਨਣਾ ਭੁੱਲ ਗਿਆ ਹੈ। ਅਸੀਂ ਬਜ਼ੁਰਗਾਂ ਦੀਆਂ ਤਜ਼ਰਬੇ ਨਾਲ ਲਬਰੇਜ਼ ਗੱਲਾਂ ਬਾਤਾਂ ਤੋਂ ਖੁਦ ਨੂੰ ਤੋੜ ਲਿਆ। ਇਹ ਚੱਲਦੀਆਂ ਫਿਰਦੀਆ ਲਾਇਬ੍ਰੇਰੀਆਂ ਵਿੱਚੋਂ ਕੁਝ ਪੜ੍ਹਨ ਵਾਚਨ ਦੀ ਰੀਝ ਸਾਡੇ ਮਨਾਂ ਵਿੱਚ ਪੈਦਾ ਹੀ ਨਹੀਂ ਹੋ ਰਹੀ। ਪੰਛੀ, ਪੇੜ, ਪੌਦੇ ਤੇ ਜਾਨਵਰ ਜੀਵਨ ਦੀ ਸੰਪੂਰਨਤਾ ਦਾ ਅਸਲੀ ਆਨੰਦ ਮਾਣਦੇ ਹਨ। ਅਸੀਂ ਆਜ਼ਾਦ ਹੋ ਕੇ ਵੀ ਗੁਲਾਮ ਹਾਂ ਤੇ ਜਾਨਵਰਾਂ ਪੰਛੀਆਂ ਨੂੰ ਵੀ ਗੁਲਾਮ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡ ਰਹੇ। ਪਰਿੰਦੇ ਖੰਭਾਂ ਨੂੰ ਹਵਾ ਨਾਲ ਇੱਕ-ਮਿੱਕ ਕਰੀ ਅਸਮਾਨ ਵਿੱਚ ਖੁੱਲ੍ਹੀਆਂ ਉਡਾਰੀਆਂ ਲਾਉਂਦੇ ਹੋਏ ਕੁਦਰਤ ਦਾ ਸ਼ੁਕਰ ਮਨਾਉਂਦੇ ਹਨ।

ਪੰਛੀ ਕਦੇ ਵੀ ਪਿੰਜਰੇ ਵਿੱਚ ਰਹਿਣਾ ਨਹੀਂ ਲੋਚਦੇ, ਜੀਵਨ ਦੀ ਸੰਪੂਰਨਤਾ ਮਾਣਦੇ ਹਨ। ਜੀਵਨ ਦੀ ਸੰਪੂਰਨਤਾ ਦਾ ਆਨੰਦ ਲੈਣ ਲਈ ਪਿੰਜਰਿਆਂ ਤੋਂ ਆਜ਼ਾਦ ਹੋਣਾ ਪੈਂਦਾ ਹੈ। ਅਸੀਂ ਆਪਣੀ ਸ਼ਖਸ਼ੀਅਤ ਦੁਆਲੇ ਪਿੰਜਰਾ ਬਣਾ ਰੱਖਿਆ ਹੈ। ਆਪਣੇ ਹੱਥੀਂ ਸਹੇੜੀ ਗੁਲਾਮੀ ਸਾਨੂੰ ਜੀਵਨ ਦੀ ਸੰਪੂਰਨਤਾ ਦੇ ਸਨਮੁੱਖ ਨਹੀਂ ਹੋਣ ਦਿੰਦੀ। ਪੰਛੀ ਹੱਦਾਂ-ਸਰਹੱਦਾਂ ਦੀ ਪ੍ਰਵਾਹ ਨਹੀਂ ਕਰਦੇ। ਉਹ ਜੀਵਨ ਦੀ ਸੰਪੂਰਨਤਾ ਹਾਸਲ ਕਰਨ ਲਈ ਲੱਖਾਂ ਮੀਲ ਪੈਂਡਾ ਕਰ ਲੈਂਦੇ ਹਨ। ਮਨੁੱਖ ਨੇ ਧਰਤੀ ਉੱਤੇ ਨਫਰਤ ਦੀਆਂ ਲਕੀਰਾਂ ਖਿੱਚ ਕੇ ਖੁਦ ਨੂੰ ਕੁਦਰਤ ਦੇ ਅਮੁੱਲ ਖਜ਼ਾਨਿਆਂ ਤੋਂ ਦੂਰ ਕਰ ਲਿਆ ਹੈ। ਮਨੁੱਖ ਜ਼ਿੰਦਗੀ ਜਿਊਣ ਦੀ ਜਾਚ ਸਿੱਖਦਾ ਜ਼ਿੰਦਗੀ ਲੰਘਾ ਲੈਂਦਾ ਹੈ, ਪਰ ਜੀਵਨ ਦੀ ਸੰਪੂਰਨਤਾ ਤੋਂ ਵਾਂਝਾ ਹੀ ਰਹਿੰਦਾ ਹੈ। ਮਨੁੱਖ ਖੁਦ ਨੂੰ ਉਤਮ ਅਖਵਾਉਂਦਾ ਹੈ, ਪਰ ਕਾਰਜ ਅਤਿ ਨੀਚ ਕਰਦਾ ਹੈ। ਪਸ਼ੂਆਂ ਨੂੰ ਗੁਲਾਮ ਬਣਾ ਕੇ ਉਨ੍ਹਾਂ ਦੇ ਬੱਚਿਆਂ ਦੇ ਹਿੱਸੇ ਦਾ ਦੁੱਧ ਮਨੁੱਖ ਖੁਦ ਡਕਾਰ ਜਾਂਦਾ ਹੈ। ਕੁਦਰਤ ਨੂੰ ਮਾਣਨ ਤੇ ਜਿਊਣ ਦਾ ਜਿੰਨਾ ਹੱਕ ਮਨੁੱਖ ਹੈ, ਓਨਾ ਹੀ ਜਾਨਵਰਾਂ, ਪੌਦਿਆਂ ਤੇ ਪੰਛੀਆਂ ਨੂੰ ਹੈ। ਧਰਤੀ ਉੱਤੇ ਜਿੰਨਾ ਵੀ ਜੀਵਨ ਹੈ, ਉਹ ਜਿਊਂਦੇ ਰਹਿਣ ਲਈ ਨਿਰੰਤਰ ਗਤੀਸ਼ੀਲ ਤੇ ਸੰਘਰਸ਼ਮਈ ਪੜਾਅ ਵਿੱਚੋਂ ਲੰਘ ਰਿਹਾ ਹੈ। ਇਹ ਸੰਘਰਸ਼ ਜੀਵਨ ਦੇ ਮੁੱਢ ਤੋਂ ਚੱਲ ਰਿਹਾ ਹੈ। ਸਜੀਵ ਅਤੇ ਨਿਰਜੀਵ ਹਰ ਸ਼ੈਅ ਵਿੱਚ ਕੁਦਰਤੀ ਪ੍ਰਕਿਰਿਆ ਚੱਲ ਰਹੀ ਹੈ। ਕੁਦਰਤ ਦੀ ਨਜ਼ਰ ਵਿੱਚ ਕੀੜੀ, ਹਾਥੀ ਤੇ ਮਨੁੱਖ ਸਭ ਸਮਾਨ ਹਨ। ਕੁਦਰਤ ਨਾ ਤਾਂ ਸ਼ੇਰ ਦੀ ਮਦਦ ਸ਼ਿਕਾਰ ਫੜਨ ਲਈ ਕਰਦੀ ਹੈ ਅਤੇ ਨਾ ਖਰਗੋਸ਼ ਦੀ ਮਦਦ ਸ਼ੇਰ ਤੋਂ ਬਚਣ ਲਈ ਕਰਦੀ ਹੈ। ਸਭ ਨੂੰ ਆਪਣਾ ਸੰਘਰਸ਼ ਆਪ ਕਰਨਾ ਪੈਂਦਾ ਹੈ। ਸ਼ੇਰ ਤੇ ਖਰਗੋਸ਼ ਇੱਕੋ ਜੰਗਲ ਵਿੱਚ ਰਹਿੰਦੇ ਹਨ। ਸਾਰੇ ਸਜੀਵਾਂ ਨੂੰ ਜਿਊਂਦੇ ਰਹਿਣ ਲਈ ਊਰਜਾ ਦੀ ਲੋੜ ਪੈਂਦੀ ਹੈ। ਹੈਰਾਨੀ ਦੀ ਗੱਲ ਵੇਖੋ, ਸਾਰੇ ਜਾਨਵਰ, ਪੰਛੀ, ਪੇੜ-ਪੌਦੇ ਸਿਰਫ ਊਰਜਾ ਲੈਣ ਲਈ ਖਾਂਦੇ ਹਨ, ਪਰ ਮਨੁੱਖ ਊਰਜਾ ਲੈਣ ਲਈ ਤਾਂ ਖਾਂਦਾ ਹੀ ਹੈ, ਆਨੰਦ ਲੈਣ ਲਈ ਵੀ ਖਾਣ ਲੱਗ ਪਿਆ ਹੈ।

ਮਨੁੱਖ ਖਾਣ-ਪੀਣ ਦੀਆਂ ਗਲਤ ਆਦਤਾਂ ਕਾਰਨ ਰੋਗੀ ਬਣ ਰਿਹਾ ਹੈ। ਸਵਾਦ ਲੈਣ ਲਈ ਖਾਧਾ ਭੋਜਨ ਸਰੀਰ ਦਾ ਨੁਕਸਾਨ ਵੱਧ ਕਰਦਾ ਹੈ ਤੇ ਫਾਇਦਾ ਘੱਟ। ਜੀਵਨ ਦੀ ਸੰਪੂਰਨਤਾ ਦਾ ਆਨੰਦ ਕੁਦਰਤ ਨਾਲ ਇੱਕ-ਮਿੱਕ ਹੋਣ ਵਿੱਚ ਹੈ। ਮਨੁੱਖ ਨੇ ਭੋਜਨ ਦਾ ਸਰੂਪ ਕੁਦਰਤੀ ਨਹੀਂ ਰਹਿਣ ਦਿੱਤਾ। ਕੁਦਰਤ ਨਾਲ ਵਧਦੀ ਦੂਰੀ ਮਨੁੱਖ ਲਈ ਵਧੀਆ ਇਸ਼ਾਰਾ ਨਹੀਂ। ਮਨੁੱਖ ਹਵਾ ਤੇ ਪਾਣੀ ਨੂੰ ਪਲੀਤ ਕਰ ਰਿਹਾ ਹੈ, ਮਿੱਟੀ ਨੂੰ ਜ਼ਹਿਰੀਲਾ ਬਣਾ ਰਿਹਾ ਹੈ। ਇਹੀ ਹਵਾ, ਪਾਣੀ ਤੇ ਮਿੱਟੀ ਫਲਾਂ ਸਬਜ਼ੀਆਂ ਤੇ ਫਸਲਾਂ ਵਿੱਚ ਇਸ ਜ਼ਹਿਰ ਨੂੰ ਭਰ ਦਿੰਦੇ ਹਨ। ਅਜੋਕਾ ਮਾਨਵ ਇਸ ਤਰ੍ਹਾਂ ਜੀਵਨ ਬਤੀਤ ਕਰ ਰਿਹਾ ਹੈ, ਜਿਵੇਂ ਅਗਲੀਆਂ ਪੀੜ੍ਹੀਆਂ ਨੇ ਇਸ ਧਰਤੀ ਉੱਤੇ ਰਹਿਣਾ ਹੀ ਨਾ ਹੋਵੇ। ਮਨੁੱਖ ਨੂੰ ਸਭ ਕੁਝ ਪਤਾ ਹੁੰਦਿਆਂ ਵੀ ਉਹ ਆਪਣੇ ਲਈ ਬਰਬਾਦੀ ਤੇ ਮੌਤ ਸਹੇੜ ਰਿਹਾ ਹੈ। ਜਾਨਵਰ ਤੇ ਪੰਛੀ ਕਦੇ ਵੀ ਆਪਣੀ ਜਾਤੀ ਉੱਤੇ ਹਮਲਾ ਨਹੀਂ ਕਰਦੇ। ਕੁਦਰਤ ਬਹੁਤ ਬਲਵਾਨ ਹੈ। ਕੁਦਰਤ ਨੇ ਸਾਰੇ ਜੀਵਾਂ ਲਈ ਵਿਭਿੰਨ ਪ੍ਰਕਾਰ ਦੀਆਂ ਮੁੱਲਵਾਨ ਵਸਤਾਂ ਪੈਦਾ ਕੀਤੀਆਂ ਹਨ। ਗੁਲਾਮ ਬਣਾਉਣ ਦੀ ਪ੍ਰਥਾ ਬਹੁਤ ਪੁਰਾਣੀ ਹੈ। ਮਨੁੱਖ ਪਸ਼ੂਆਂ ਤੇ ਪੰਛੀਆਂ ਨੂੰ ਅੱਜ ਵੀ ਗੁਲਾਮ ਬਣਾਉਂਦਾ ਹੈ। ਭੇਡਾਂ, ਬੱਕਰੀਆਂ ਬਾਹਰ ਚਰਦੀਆਂ ਤੇ ਕਈ ਤਰ੍ਹਾਂ ਦੀਆਂ ਜੜੀਆਂ-ਬੂਟੀਆਂ ਖਾਂਦੀਆਂ ਹਨ। ਇਨ੍ਹਾਂ ਦਾ ਦੁੱਧ ਗੁਣਕਾਰੀ ਹੁੰਦਾ ਹੈ।



ਜੀਵਨ ਦੀ ਸੰਪੂਰਨਤਾ ਦੀ ਸਮਝ ਕੁਦਰਤ ਨੂੰ ਸਮਝ ਕੇ ਆ ਸਕਦੀ ਹੈ। ਸਾਨੂੰ ਕੁਦਰਤੀ ਵਰਤਾਰੇ ਨੂੰ ਗਹੁ ਨਾਲ ਵਾਚਣ ਦੀ ਲੋੜ ਹੈ। ਸਾਡੇ ਬਜ਼ੁਰਗ ਮੱਝਾਂ, ਗਾਵਾਂ, ਦੇ ਵੱਗ ਬਾਹਰ ਖੇਤਾਂ, ਨਹਿਰਾਂ ਦੀਆਂ ਪਟੜੀਆਂ ਉੱਤੇ ਚਾਰਨ ਲਿਜਾਂਦੇ ਸਨ ਤੇ ਬਿਨਾਂ ਸ਼ੱਕ ਇਨ੍ਹਾਂ ਮੱਝਾਂ, ਗਾਵਾਂ ਦਾ ਦੁੱਧ ਬਹੁਤ ਗੁਣਕਾਰੀ ਹੁੰਦਾ ਸੀ। ਅੱਜ ਦੁੱਧ ਗੁਣਕਾਰੀ ਘੱਟ ਤੇ ਜ਼ਹਿਰੀਲਾ ਵੱਧ ਹੈ। ਕਾਰਨ ਸਾਫ ਹੈ ਕਿ ਅਸੀਂ ਇਨ੍ਹਾਂ ਪਸ਼ੂਆਂ ਨੂੰ ਹੁਣ ਵਪਾਰਕ ਹਿੱਤਾਂ ਲਈ ਪਾਲਦੇ ਹਾਂ। ਹਰਾ-ਚਾਰਾ ਜ਼ਹਿਰੀਲਾ ਹੁੰਦਾ ਹੈ ਤੇ ਕਈ-ਕਈ ਦਿਨ ਇੱਕੋ ਤਰ੍ਹਾਂ ਦੀ ਖੁਰਾਕ ਪਸ਼ੂ ਖਾਂਦੇ ਹਨ। ਮਨੁੱਖ ਖੁਦ ਵੀ ਡੱਬਾ ਬੰਦ ਭੋਜਨ ਖਾਂਦਾ ਹੈ, ਜੋ ਅਕਸਰ ਬੇਮੌਸਮੀ ਹੁੰਦਾ ਹੈ। ਡੱਬਾਬੰਦ ਭੋਜਨ ਬਣਾਉਣ ਵਾਲਿਆਂ ਨੂੰ ਸਾਡੀ ਸਿਹਤ ਤੋਂ ਖੁਦ ਦੇ ਵਪਾਰਕ ਹਿਤ ਵੱਧ ਪਿਆਰੇ ਹਨ। ਅਸੀਂ ਜੀਵਨ ਦੀ ਸੰਪੂਰਨਤਾ ਤੋਂ ਇਸ ਕਰ ਕੇ ਵਾਂਝੇ ਹਾਂ ਕਿ ਅਸੀਂ ਹਰ ਸ਼ੈਅ ਵਿੱਚੋਂ ਕੁਦਰਤੀਪਣ ਖਤਮ ਕਰ ਰਹੇ ਹਾਂ।

ਅਸੀਂ ਕਦੇ ਇਹ ਖਿਆਲ ਨਹੀਂ ਕੀਤਾ ਕਿ ਅਸੀਂ ਕੀ ਖਾ-ਪੀ ਰਹੇ ਹਾਂ। ਸ਼ਹਿਰਾਂ ਨਾਲ ਲੱਗਦੀ ਖੇਤੀਯੋਗ ਜ਼ਮੀਨ ਉੱਤੇ ਦੂਸ਼ਿਤ ਪਾਣੀ ਤੇ ਵੱਧ ਮੁਨਾਫਾ ਲੈਣ ਲਈ ਕੀਤੀਆਂ ਜਾਂਦੀਆਂ ਸਪਰੇਆਂ ਨਾਲ ਪੈਦਾ ਹੁੰਦੀਆਂ ਸਬਜ਼ੀਆਂ ਅਸੀਂ ਖਾਂਦੇ ਹਾਂ। ਨੁਕਸ ਸਾਡੀ ਖੁਰਾਕ ਵਿੱਚ ਹੈ ਤੇ ਹੱਲ ਅਸੀਂ ਦਵਾਈਆਂ ਤੋਂ ਲੱਭਦੇ ਹਾਂ। ਵਿਆਹਾਂ, ਜਨਮ ਦਿਨ ਦੀਆਂ ਪਾਰਟੀਆਂ ਤੇ ਹੋਰ ਸਮਾਗਮਾਂ ਵਿੱਚ ਭੁੱਖ ਇਸ ਤਰ੍ਹਾਂ ਵਿਖਾਉਂਦੇ ਹਾਂ ਜਿਵੇਂ ਉਹ ਸਾਡੇ ਖਾਣ ਪੀਣ ਦਾ ਆਖਰੀ ਦਿਨ ਹੋਵੇ। ਭੋਜਨ ਖਾਣ ਦਾ ਭਾਵ ਸਿਰਫ ਲੋੜੀਂਦੀ ਊਰਜਾ ਲੈਣਾ ਹੈ, ਅਸੀਂ ਊਰਜਾ ਵੱਲ ਧਿਆਨ ਹੀ ਨਹੀਂ ਧਰਦੇ। ਆਪਣੇ ਰੋਜ਼ ਦੇ ਭੋਜਨ ਤੇ ਧਿਆਨ ਮਾਰੋ, ਕੀ ਅਸੀਂ ਸੰਤੁਲਿਤ ਤੇ ਸੰਪੂਰਨ ਭੋਜਨ ਲੈ ਰਹੇ ਹਾਂ? ਕੀ ਤਾਜ਼ੀ ਹਵਾ ਵਿੱਚ ਖੁੱਲ੍ਹ ਕੇ ਸੰਪੂਰਨ ਸਾਹ ਲੈ ਰਹੇ ਹਾਂ?

ਅਸੀਂ ਸੰਪੂਰਨਤਾ ਤੋਂ ਕੋਹਾਂ ਦੂਰ ਜਾ ਚੁਕੇ ਹਾਂ। ਸਰੀਰਕ ਸਫਾਈ ਪ੍ਰਤੀ ਵੀ ਅਵੇਸਲੇ ਹਾਂ। ਸੰਪੂਰਨਤਾ ਦਾ ਇਸ਼ਨਾਨ ਅਸੀਂ ਕਦੇ ਕੀਤਾ ਹੀ ਨਹੀਂ। ਸਾਡੀਆਂ ਪੁਰਾਤਨ ਰਸਮਾਂ ਤੇ ਰਿਵਾਜ਼ਾਂ ਵੱਲ ਝਾਤ ਮਾਰੋ। ਨਹਾਉਣ ਦਾ ਇਨ੍ਹਾਂ ਵਿੱਚ ਵਿਸ਼ੇਸ਼ ਮਹੱਤਵ ਹੈ। ਜੀਵਨ ਵਿੱਚ ਤਿੰਨ ਮੌਕਿਆਂ ਉੱਤੇ ਸੰਪੂਰਨ ਇਸ਼ਨਾਨ ਦੀ ਮਿਸਾਲ ਮਿਲਦੀ ਹੈ, ਪਰ ਇਨ੍ਹਾਂ ਵਿੱਚੋਂ ਦੋ ਮੌਕਿਆਂ ਦੀ ਸਾਨੂੰ ਸੋਝੀ ਨਹੀਂ। ਜਨਮ ਸਮੇਂ ਦਾ ਪਹਿਲਾ ਇਸ਼ਨਾਨ, ਵਿਆਹ ਵੇਲੇ ਦਾ ਇਸ਼ਨਾਨ ਅਤੇ ਤੀਸਰਾ ਅਤੇ ਅੰਤਿਮ ਭਾਵ ਮੌਤ ਸਮੇਂ ਕੀਤਾ ਜਾਣ ਵਾਲਾ ਇਸ਼ਨਾਨ। ਜਿਸ ਦੀ ਸਾਨੂੰ ਸੋਝੀ ਹੁੰਦੀ ਹੈ, ਉਹ ਹੈ ਵਿਆਹ ਵੇਲੇ ਕੀਤੀ ਜਾਂਦੀ ਨਹਾਈ-ਧੋਈ। ਇਹ ਇੱਕ ਉਤਸਵ ਵਾਂਗ ਹੁੰਦਾ ਹੈ। ਇੱਕ-ਲੇ-ਇੱਕਲੇ ਅੰਗ ਨਾਲ ਗੱਲਾਂਬਾਤਾਂ ਕਰਦੇ ਨਹਾਉਣ ਦੀ ਗੱਲ ਗੁਰਬਖਸ਼ ਪ੍ਰੀਤਲੜੀ ਵੀ ਆਪਣੀ ਵਾਰਤਕ ਵਿੱਚ ਕਰ ਗਏ ਹਨ।

ਸਾਡੀ ਨੀਂਦ ਵੀ ਸੰਪੂਰਨ ਨਹੀਂ। ਅੱਧੀ-ਅਧੂਰੀ ਨੀਂਦ ਤੋਂ ਜਾਗੇ ਅਸੀਂ ਉਨੀਂਦਰੇ ਦਾ ਬੋਝ ਸਿਰਾਂ ਉੱਤੇ ਚੁੱਕੀ ਤੁਰੇ ਫਿਰਦੇ ਹਾਂ। ਅਸੀਂ ਜ਼ਿੰਦਗੀ ਜਿਊਣ ਦੀਆਂ ਤਿਆਰੀਆਂ ਕਰਨ ਵਿੱਚ ਏਦਾਂ ਰੁੱਝੇ ਹਾਂ ਕਿ ਜ਼ਿੰਦਗੀ ਰੂਪੀ ਰੇਲ ਲੰਘ ਜਾਂਦੀ ਹੈ, ਅਸੀਂ ਸਟੇਸ਼ਨ ਉੱਤੇ ਜਾਣ ਦੀ ਤਿਆਰੀ ਕਰਦੇ ਰਹਿ ਜਾਂਦੇ ਹਾਂ। ਜਿਹੜਾ ਗਿਆਨ ਸਾਨੂੰ ਯੂਨੀਵਰਸਿਟੀਆਂ ਵਿੱਚੋਂ ਵੀ ਨਹੀਂ ਮਿਲਦਾ, ਉਹ ਗਿਆਨ ਪੰਛੀ, ਜਾਨਵਰ, ਪੌਦੇ ਕੁਦਰਤ ਦੀ ਗੋਦ ਵਿੱਚੋਂ ਹਾਸਲ ਕਰਦੇ ਹਨ। ਜੀਵਨ ਦੀ ਸੰਪੂਰਨਤਾ ਦਾ ਗਿਆਨ ਜਿਸ ਸ਼ਖਸ ਨੂੰ ਆ ਜਾਂਦਾ ਹੈ, ਉਹ ਕੁਝ ਵੀ ਅੱਧਾ-ਅਧੂਰਾ ਨਹੀਂ ਕਰਦਾ। ਵਗਦੇ ਪਾਣੀ ਵਿੱਚ ਕੁਝ ਸਮਾਂ ਪੈਰ ਡੁਬੋ ਕੇ ਬੈਠੋ ਤੇ ਉਸ ਨੂੰ ਮਹਿਸੂਸ ਕਰੋ। ਸਵੇਰੇ ਕਿਸੇ ਬਾਗ਼-ਬਗੀਚੇ ਵਿੱਚ ਜਾ ਕੇ ਤਾਜ਼ੀ ਵਗਦੀ ਹਵਾ ਨੂੰ ਆਪਣੇ ਨਾਲ ਖਹਿੰਦੀ ਤੇ ਠੰਢਕ ਦਿੰਦੀ ਮਹਿਸੂਸ ਕਰੋ। ਫੁੱਲਾਂ ਉੱਤੇ ਭੌਂਦੀਆਂ ਤਿੱਤਲੀਆਂ ਤੇ ਮਧੂ-ਮੱਖੀਆਂ ਨੂੰ ਇੱਕ ਟਕ ਨਿਹਾਰੋ।

ਇਹ ਸਭ ਤੁਹਾਨੂੰ ਜੀਵਨ ਦੀ ਸੰਪੂਰਨਤਾ ਸਿਖਾ ਦੇਣਗੀਆਂ। ਜੇ ਨੱਚ ਸਕਦੇ ਹੋ ਤਾਂ ਨੱਚੋ, ਗਾ ਸਕਦੇ ਹੋ ਤਾਂ ਗਾਓ, ਚਿੱਤਰਕਾਰੀ ਕਰ ਸਕਦੇ ਹੋ ਤਾਂ ਕਰੋ। ਆਪਣੇ ਆਪੇ ਨੂੰ ਬਾਹਰ ਆਉਣ ਦਿਓ। ਆਪਣੇ ਸਵੈ ਨੂੰ ਦਬਾ ਕੇ ਨਾ ਰੱਖੋ। ਤੁਹਾਡੇ ਅੰਦਰ ਵੀ ਟਾਲਸਟਾਇ, ਸ਼ੈਕਸਪੀਅਰ, ਲਿਓਨਾਰਦੋ ਦਾ ਵਿੰਸੀ, ਨਾਨਕ, ਬੁੱਧ, ਆਈਨਸਟਾਈਨ ਹੈ। ਬੱਸ ਲੋੜ ਹੈ ਇਸ ਨੂੰ ਬਾਹਰ ਕੱਢਣ ਦੀ। ਜੀਵਨ ਦੀ ਸੰਪੂਰਨਤਾ ਨਾਲ ਲਬਾਲਬ ਭਰ ਜਾਓ। ਆਓ! ਜੀਵਨ ਰੂਪੀ ਉਤਸਵ ਨੂੰ ਹਰ ਪਲ, ਹਰ ਘੜੀ ਮਾਣੀਏ ਤੇ ਆਨੰਦ ਲਈਏ।

# ਕਲੀਰੇ ਬੰਨ੍ਹਣਾ ਤੇ ਵੰਡਣਾ

-ਡਾਕਟਰ ਪ੍ਰਿਤਪਾਲ ਸਿੰਘ ਮਹਿਰੋਕ

ਪੰਜਾਬੀ ਸਭਿਆਚਾਰ ਦੀ ਆਪਣੀ ਬੋਲੀ, ਪਹਿਰਾਵੇ, ਸੁਭਾਅ, ਸਮਾਜਕ ਕਦਰਾਂ-ਕੀਮਤਾਂ ਅਤੇ ਰਸਮਾਂ ਰਿਵਾਜ਼ਾਂ ਕਾਰਨ ਵਿਸ਼ਵ ਵਿੱਚ ਵੱਖਰੀ ਪਛਾਣ ਹੈ। ਪਹਿਲੇ ਸਮਿਆਂ ਵਿੱਚ ਇੱਥੇ ਵਿਆਹਾਂ ਵਿੱਚ ਪ੍ਰਚੱਲਤ ਰਹੇ ਰੀਤੀ ਰਿਵਾਜਾਂ ਦੀਆਂ ਗੱਲਾਂ ਅੱਜ ਤੱਕ ਕੀਤੀਆਂ ਜਾਂਦੀਆਂ ਹਨ। ਕੁੜੀ ਦੇ ਵਿਆਹ ਉੱਤੇ ਵਿਆਹ ਵਾਲੀ ਕੁੜੀ ਨੂੰ ਕਲੀਰੇ ਬੰਨ੍ਹਣ ਤੇ ਉਸ ਪਿੱਛੋਂ ਕਲੀਰੇ ਵੰਡਣ ਦੀ ਰਸਮ ਬੜੀ ਪੁਰਾਣੀ ਹੈ। ਇਹ ਪੰਜਾਬੀ ਸਭਿਆਚਾਰ ਦਾ ਹਿੱਸਾ ਰਹੀ ਹੈ। ਕਲੀਰਾ ਨਾਰੀਅਲ ਤੇ ਗਿਰੀ ਗੋਲੇ ਦੀਆਂ ਠੂਠੀਆਂ ਸਜਾ ਕੇ ਲਾਲ ਸੂਤੀ ਡੋਰਾਂ ਵਿੱਚ ਪਰੋਇਆ /ਗੁੰਦਿਆਂ ਜਾਂਦਾ ਹੈ। ਕਲੀਰਿਆਂ ਨੂੰ ਸਜਾਉਣ ਲਈ ਲਾਲ ਸੂਤੀ ਮੌਲੀ ਦੇ ਧਾਗਿਆਂ ਵਿੱਚ ਕੌਡੀਆਂ ਪਰੋਈਆਂ ਜਾਂਦੀਆਂ ਹਨ। ਉਨ੍ਹਾਂ ਨੂੰ ਮਖਾਣਿਆਂ ਅਤੇ ਵਿਸ਼ੇਸ਼ ਤਰ੍ਹਾਂ ਦੀਆਂ ਫੁੱਲੀਆਂ ਨਾਲ ਸਜਾਇਆ ਜਾਂਦਾ ਹੈ ਤੇ ਕਲੀਰਿਆਂ ਨਾਲ ਬੰਨ੍ਹਿਆ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਘਰ ਦੀਆਂ ਸਕੇ-ਸੰਬੰਧੀਆਂ, ਗਲੀ ਮੁਹੱਲੇ ਅਤੇ ਪਿੰਡ ਦੀਆਂ ਔਰਤਾਂ, ਕੁੜੀਆਂ ਵਿਆਹ ਤੋਂ ਕੁਝ ਦਿਨ ਪਹਿਲਾਂ ਕੁੜੀ ਲਈ ਕਲੀਰੇ ਪਰੋਅ ਲੈਂਦੀਆਂ ਸਨ। ਚਾਂਦੀ ਦੇ ਕਲੀਰਿਆਂ ਨੂੰ ਗਹਿਣਿਆਂ ਵਾਂਗ ਕੀਮਤੀ ਕਲੀਰੇ ਸਮਝਿਆ ਜਾਂਦਾ ਹੈ। ਉਨ੍ਹਾਂ ਵਿੱਚ ਨਿੱਕੀਆਂ ਗੋਲਾਈਦਾਰ ਕਟੋਰੀਆਂ ਅਤੇ ਘੁੰਗਰੂ ਲੱਗੇ ਹੁੰਦੇ ਹਨ। ਘੁੰਗਰੂਆਂ ਨਾਲ ਜੜੇ ਕਲੀਰਿਆਂ, ਫੁੱਲਾਂ ਵਾਲੇ ਕਲੀਰਿਆਂ, ਰੰਗ ਬਿਰੰਗੇ ਧਾਗਿਆਂ ਦੇ ਕੰਮ ਵਾਲੇ ਕਲੀਰਿਆਂ, ਰੰਗਦਾਰ ਚਮਕੀਲੇ ਕਾਗਜ਼ਾਂ ਨਾਲ ਸਜਾਏ ਕਲੀਰਿਆਂ, ਭਾਰੇ ਜਾਂ ਹਲਕੇ ਝੁੰਮਰ ਵਾਲੇ ਕਲੀਰਿਆਂ ਦੀਆਂ ਵੰਨਗੀਆਂ ਨੂੰ ਕੁੜੀਆਂ ਵਧੇਰੇ ਪਸੰਦ ਕਰਦੀਆਂ ਹਨ। ਵਿਆਹ ਵਾਲੇ ਦਿਨ ਕੁੜੀ ਨੂੰ ਵਰੀ ਦਾ ਸੂਟ ਪਵਾਉਣ ਪਿੱਛੋਂ ਨੇੜਲੇ ਰਿਸ਼ਤੇਦਾਰ ਉਸ ਨੂੰ ਕਲੀਰੇ ਬੰਨ੍ਹਦੇ ਹਨ। ਕੁੜੀ ਨੂੰ ਚੂੜਾ ਪਵਾਉਣ ਪਿੱਛੋਂ ਉਸ ਨੂੰ ਕਲੀਰੇ ਬੰਨ੍ਹੇ ਜਾਂਦੇ ਹਨ। ਕੁੜੀ ਦੀ ਮਾਂ ਤੇ ਮਾਮਿਆਂ ਵੱਲੋਂ ਸਭ ਤੋਂ ਪਹਿਲਾਂ ਬੰਨ੍ਹੇ ਜਾਣ ਵਾਲੇ ਕਲੀਰਿਆਂ ਨੂੰ ਜੇਠੇ ਕਲੀਰੇ ਕਿਹਾ ਜਾਂਦਾ ਹੈ। ਫਿਰ ਬਾਕੀ ਰਿਸ਼ਤੇਦਾਰਾਂ, ਸ਼ਰੀਕੇ-ਭਾਈਚਾਰੇ ਦੀਆਂ ਔਰਤਾਂ/ ਕੁੜੀਆਂ ਵੱਲੋਂ ਕੁੜੀ ਨੂੰ ਕਲੀਰੇ ਬੰਨ੍ਹੇ ਜਾਂਦੇ ਹਨ। ਵਿਆਹ ਵਾਲੀ ਕੁੜੀ ਆਪਣੀਆਂ ਦੋਵਾਂ ਬਾਹਵਾਂ ਦੀਆਂ ਕਲਾਈਆਂ ਉੱਤੇ ਕਲੀਰੇ ਬੰਨ੍ਹਦੀ ਹੈ। ਡਾਕਟਰ ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ ਇਸ ਨੂੰ 'ਸੁੱਖ ਮੰਗਲ ਦਾ ਸੂਚਕ' ਸਮਝਿਆ ਜਾਂਦਾ ਹੈ।

ਕੁੜੀ ਦੀਆਂ ਕਲਾਈਆਂ ਨਾਲ ਲਟਕਦੇ ਚਾਂਦੀ ਦੇ ਕਲੀਰੇ, ਨਾਰੀਅਲ ਦੇ ਕਲੀਰੇ, ਕੌਡੀਆਂ ਆਦਿ ਨਾਲ ਸਜਾਏ ਗਏ ਕਲੀਰੇ ਬਹੁਤ ਸੁੰਦਰ ਲੱਗਦੇ ਹਨ। ਕੁੜੀ ਨੂੰ ਕਲੀਰੇ ਬੰਨ੍ਹਣ ਦੀ ਇਸ ਰਸਮ ਦਾ ਵਿਸ਼ੇਸ਼ ਮਹੱਤਵ ਹੈ ਅਤੇ ਇਸ ਨੂੰ ਸ਼ੁਭ ਸ਼ਗਨ ਸਮਝਿਆ ਜਾਂਦਾ ਹੈ। ਕਲੀਰੇ ਵੰਡਣ ਦੀ ਰਸਮ ਕੁੜੀ ਦੀ ਡੋਲੀ ਤੁਰਨ ਤੋਂ ਪਹਿਲਾਂ ਹੁੰਦੀ ਹੈ। ਕੁੜੀ ਕੋਲ ਉਸ ਦੀਆਂ ਭੈਣਾਂ, ਭਰਜਾਈਆਂ, ਵੀਰਾਂ ਨੂੰ ਬੁਲਾਇਆ ਜਾਂਦਾ ਹੈ। ਬੰਨ੍ਹੇ ਗਏ, ਇਕੱਠੇ ਹੋਏ ਕਲੀਰਿਆਂ ਵਿੱਚੋਂ ਕੁਝ ਨੂੰ ਤੋੜ ਕੇ ਕੁੜੀ ਆਪਣੀਆਂ ਭੈਣਾਂ, ਭਰਾਵਾਂ, ਭਰਜਾਈਆਂ ਅਤੇ ਹੋਰ ਰਿਸ਼ਤੇਦਾਰਾਂ ਨੂੰ ਵੰਡਦੀ ਹੈ। ਇਸ ਰਸਮ ਨੂੰ ਵਿਆਹ ਪਿੱਛੋਂ ਘਰ ਵਿੱਚ ਪਿਆਰ, ਇਤਫਾਕ, ਖੁਸ਼ਹਾਲੀ, ਬਰਕਤਾਂ ਆਦਿ ਬਣੀਆਂ ਰਹਿਣ ਲਈ ਦੁਆ ਕਰਨ ਵਜੋਂ ਨਿਭਾਇਆ ਜਾਂਦਾ ਹੈ। ਘਰ ਵਿੱਚ ਖੁਸ਼ੀਆਂ ਨਾਲ ਭਰਪੂਰ ਤੇ ਸ਼ੁਭ ਕਾਰਜ ਹੁੰਦੇ ਰਹਿਣ ਲਈ ਵੀ ਦੁਆ ਕੀਤੀ ਜਾਂਦੀ ਹੈ।

ਕਲੀਰੇ ਵੰਡਦਿਆਂ ਕੁੜੀ ਆਪਣੇ ਪੇਕੇ ਘਰ ਦੀ ਖ਼ੈਰ ਸੁੱਖ ਮੰਗਦੀ ਹੈ। ਬਾਹਾਂ ਵਿੱਚ ਪਾਏ ਕਲੀਰਿਆਂ ਦੇ ਕੁਝ ਹਿੱਸੇ ਨੂੰ ਕੁੜੀ ਆਪਣੇ ਸਹੁਰੇ ਘਰ ਲੈ ਜਾਂਦੀ ਹੈ। ਸਮਾਂ ਬਦਲ ਗਿਆ ਹੈ। ਅੱਜ ਬਣੇ-ਬਣਾਏ ਕਲੀਰੇ ਬਾਜ਼ਾਰ ਵਿੱਚੋਂ ਖਰੀਦੇ ਜਾ ਸਕਦੇ ਹਨ। ਉਨ੍ਹਾਂ ਬਣੇ-ਬਣਾਏ ਸੁੰਦਰ ਕਲੀਰਿਆਂ ਵਿੱਚੋਂ ਆਪਣੇਪਣ ਦਾ ਅਹਿਸਾਸ ਗੈਰ ਹਾਜ਼ਰ ਹੁੰਦਾ ਹੈ, ਪਰ ਬਦਲਦੇ ਸਮੇਂ ਨੇ ਚੀਜ਼ਾਂ ਦੇ ਵਿਕਲਪ ਦੀ ਤਲਾਸ਼ ਵੀ ਕਰਨੀ ਹੁੰਦੀ ਹੈ। ਕਲੀਰੇ ਬੰਨ੍ਹਣ ਤੇ ਵੰਡਣ ਦੀ ਰਸਮ ਬੇਸ਼ੱਕ ਘਟਦੀ ਜਾ ਰਹੀ ਹੈ, ਪਰ ਉਸ ਦਾ ਮਹੱਤਵ ਅਜੇ ਬਣਿਆ ਹੋਇਆ ਹੈ। ਪਹਿਲਾਂ ਜਿਹੜੇ ਸ਼ਗਨ-ਵਿਹਾਰ ਗਲੀ ਮੁਹ-ੱਲਾ ਰਲ ਮਿਲ ਕੇ ਕਰਦਾ ਸੀ, ਅੱਜ ਘਰ ਵਾਲਿਆਂ ਜਾਂ ਕੁਝ ਨਜ਼ਦੀਕੀ ਰਿਸ਼ਤੇਦਾਰਾਂ ਤੱਕ ਸਿਮਟ ਗਏ ਹਨ। ਕਲੀਰੇ ਬੰਨ੍ਹਣ ਤੇ ਵੰਡਣ ਦੀ ਰਸਮ ਦੇ ਮਹੱਤਵ ਨੂੰ ਵਿਸਾਰਿਆ ਨਹੀਂ ਜਾ ਸਕਦਾ। ਕਲੀਰਿਆਂ ਨਾਲ ਕਈ ਲੋਕ ਵਿਸ਼ਵਾਸ ਅਤੇ ਰਵਾਇਤਾਂ ਵੀ ਜੁੜੀਆਂ ਹੋਈਆਂ ਹਨ। ਕੁਝ ਵੀ ਹੋਵੇ ਪੰਜਾਬੀ ਸਭਿਆਚਾਰ ਵਿੱਚ ਕਲੀਰਿਆਂ ਦੇ ਮਹੱਤਵ ਨੇ ਆਪਣਾ ਸਥਾਨ ਬਣਾਈ ਰੱਖਣਾ ਹੈ।


## ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# ਖਰਬੂਜੇ ਦਾ ਰੰਗ

-ਇਕਬਾਲ ਸਿੰਘ ਬਰਾੜ

ਸਿੱਖਣ ਦੀ ਨਾ ਕੋਈ ਉਮਰ ਹੁੰਦੀ ਹੈ ਅਤੇ ਨਾ ਹੀ ਸਮਾਂ ਸੀਮਾ। ਜਦੋਂ ਜਾਗੋ, ਉਦੋਂ ਸਵੇਰਾ। ਮੈਨੂੰ ਖੇਡਾਂ ਵਿੱਚ ਕਦੀ ਬਹੁਤੀ ਦਿਲਚਸਪੀ ਨਹੀਂ ਰਹੀ ਅਤੇ ਨਾ ਇਹ ਮੇਰਾ ਮਨਭਾਉਂਦਾ ਖੇਤਰ ਰਿਹਾ। ਛੋਟੇ ਹੁੰਦਿਆਂ ਕਬੱਡੀ ਮੈਚ ਦੇਖਣ ਜਾਂਦਾ ਸਾਂ, ਜਿੱਥੇ ਹਰਜੀਤ ਬਾਜਾਖਾਨਾ, ਚੂਹੜਚੱਕੀਆ ਬਾਜ਼, ਚੜਿੱਕ ਵਾਲਾ ਮੇਜਰ, ਬਲਵਿੰਦਰ ਫਿੱਡਾ ਵਰਗੇ ਖਿਡਾਰੀਆਂ ਦੇ ਪੱਟਾਂ ਦੀਆਂ ਥਾਪੀਆਂ ਨਾਲ ਖੇਡ ਮੈਦਾਨ ਗੂੰਜ ਪੈਂਦਾ ਸੀ। ਇਸ ਤੋਂ ਵੱਧ ਨਾ ਕੁਝ ਪਤਾ ਸੀ ਤੇ ਨਾ ਇਸ ਦੀ ਤਾਂਘ ਸੀ।

ਅਖਬਾਰ ਦੇ ਹਰ ਸਫੇ ਉੱਤੇ ਕੁਝ ਨਾ ਕੁਝ ਜ਼ਰੂਰ ਪੜ੍ਹ ਲਈਦਾ ਸੀ, ਪਰ ਖੇਡਾਂ ਵਾਲੇ ਸਫੇ ਨੂੰ ਬਿਨਾਂ ਪੜ੍ਹੇ ਹੀ ਛੱਡ ਦੇਈਦਾ ਸੀ। ਇਹੀ ਹਾਲ ਟੀ ਵੀ ਚੈਨਲਾਂ ਦਾ ਰਿਹਾ। ਭੁੱਲੇ-ਵਿਸਰੇ ਖੇਡਾਂ ਦਾ ਚੈਨਲ ਦੇਖ ਲਈਦਾ ਸੀ, ਪਰ ਕਦੇ ਰੂਹ ਨਹੀਂ ਸੀ ਕੀਤੀ। ਕ੍ਰਿਕਟ ਮੈਨੂੰ ਉੱਕਾ ਪਸੰਦ ਨਹੀਂ ਸੀ। ਮੇਰੇ ਸਾਥੀ ਨਵਦੀਪ ਸਿੰਘ ਗਿੱਲ ਨੇ ਟੋਕੀਓ ਓਲੰਪਿਕ 2020 ਦੇ ਸ਼ੁਰੂ ਤੋਂ ਪਹਿਲਾਂ ਖੇਡਾਂ ਬਾਰੇ ਮੇਰੇ ਮਨ ਵਿੱਚ ਅਜਿਹੀ ਖਿਚ ਪੈਦਾ ਕੀਤੀ ਕਿ ਟੋਕੀਓ ਤੋਂ ਖੇਡਾਂ ਦਾ ਸਿੱਧਾ ਪ੍ਰਸਾਰਨ ਕਰਨ ਵਾਲੇ ਚੈਨਲ ਤੋਂ ਅੱਖ ਵੀ ਨਹੀਂ ਝਪਕਦੀ। ਅਖਬਾਰ ਪੜ੍ਹਦਿਆਂ ਨਜ਼ਰ ਸਿੱਧੀ ਖੇਡਾਂ ਦੀਆਂ ਸੁਰਖੀਆਂ ਉੱਤੇ ਜਾ ਟਿਕਦੀ ਹੈ।

ਮੇਰੀ ਤੇ ਨਵਦੀਪ ਦੀ ਡਿਊਟੀ ਇੱਕੋ ਥਾਂ ਹੋਣ ਕਰ ਕੇ ਉਹ ਸਵੇਰ ਤੋਂ ਹੀ ਕਿਸੇ ਨਾ ਕਿਸੇ ਓਲੰਪੀਅਨ ਖਿਡਾਰੀ ਦਾ ਕਿੱਸਾ ਸੁਣਾਉਣਾ ਸ਼ੁਰੂ ਕਰ ਦਿੰਦਾ ਅਤੇ ਸ਼ਾਮ ਤੱਕ ਪੰਜਾਬ ਦੇ ਕਿਸੇ ਉਭਰ ਰਹੇ ਖਿਡਾਰੀ ਤੱਕ ਮੁਕਾ ਕੇ ਹਟਦਾ। ਉਸ ਨੇ ਬਤੌਰ ਪੱਤਰਕ-ਾਰ ਏਸ਼ੀਆਈ, ਓਲੰਪਿਕ, ਰਾਸ਼ਟਰ ਮੰਡਲ ਅਤੇ ਹੋਰ ਖੇਡ ਸਰਗਰਮੀਆਂ ਕਵਰ ਕੀਤੀਆਂ, ਜਿਸ ਕਰ ਕੇ ਉਹ ਖੇਡਾਂ ਦੀਆਂ ਬਰੀਕੀਆਂ ਦੀ ਚੰਗੀ ਸਮਝ ਰੱਖਦਾ ਹੈ। ਖੇਡਾਂ ਉੱਤੇ ਉਸ ਨੇ ਤਿੰਨ ਕਿਤਾਬਾਂ ਵੀ ਲਿਖੀਆਂ। ਉਹ ਹਾਲੇ ਵੀ ਅਖਬਾਰਾਂ ਲਈ ਲੇਖ ਲਿਖਦਾ ਰਹਿੰਦਾ ਹੈ। ਹਰ ਲੇਖ ਮੈਨੂੰ ਪੜ੍ਹਨ ਲਈ ਭੇਜ ਦਿੰਦਾ। ਮੈਨੂੰ ਪਹਿਲਾਂ-ਪਹਿਲ ਤਾਂ ਉਸ ਦੇ ਲੇਖਾਂ ਵਿੱਚ ਦਿਲਚਸਪੀ ਨਹੀਂ ਸੀ ਹੁੰਦੀ, ਪਰ ਜਦੋਂ ਮੈਂ ਹਵਾ ਨਾਲ ਗੱਲਾਂ ਕਰਨ ਵਾਲੇ ਜਮਾਇਕਾ ਦੇ ਅਥਲੀਟ ਉਸੈਨ ਬੋਲਟ ਬਾਰੇ ਉਸ ਦੀ ਰਚਨਾ ਪੜ੍ਹੀ ਤਾਂ ਮੇਰਾ ਖੇਡਾਂ ਪ੍ਰਤੀ ਲਗਾਅ ਸ਼ੁਰੂ ਹੋ ਗਿਆ। ਇੱਕ ਵਾਰ ਦੋਵੇਂ ਦਿੱਲੀ ਗਏ ਤਾਂ ਉਹ ਮੈਨੂੰ ਟੋਕੀਓ ਓਲੰਪਿਕ 1964 ਦੇ ਓਲੰਪੀਅਨ ਅਥਲੀਟ ਗੁਰਬਚਨ ਸਿੰਘ ਰੰਧਾਵਾ ਦੇ ਘਰ ਲੈ ਗਿਆ ਅਤੇ ਉਨ੍ਹਾਂ ਦੋਵਾਂ ਨੇ ਅਥਲੈਟਿਕਸ ਦੇ ਹਰ ਪਹਿਲੂ ਉੱਤੇ ਡੂੰਘੀ ਚਰਚਾ ਕੀਤੀ। ਮੇਰੀ ਦਿਲਚਸਪੀ ਹੋਰ ਵਧ ਗਈ। ਦਿੱਲੀਓ ਮੁੜਦੇ ਸਮੇਂ ਉਹ ਮਹਾਭਾਰਤ ਵਿੱਚ ਭੀਮ ਦਾ ਕਿਰਦਾਰ ਨਿਭਾਉਣ ਵਾਲੇ ਪ੍ਰਵੀਨ ਕੁਮਾਰ ਦੇ ਘਰ ਲੈ ਗਿਆ। ਮੈਨੂੰ ਭੀਮ ਦੇ 'ਦਰਸ਼ਨ' ਕਰਨ ਦੀ ਹੀ ਖੁਸ਼ੀ ਬਹੁਤ ਸੀ, ਪਰ ਨਵਦੀਪ ਨੂੰ 1972 ਦੀਆਂ ਮਿਊਨਿਖ ਓਲੰਪਿਕ ਖੇਡਾਂ ਵਿੱਚ ਥਰੋਅ ਇਵੈਂਟ ਦੇ ਮੁਕਾਬਲੇ ਵਿੱਚ ਭਾਰਤ ਵੱਲੋਂ ਖੇਡਣ ਵਾਲੇ ਪ੍ਰਵੀਨ ਕੁਮਾਰ ਨੂੰ ਮਿਲਣ ਦਾ ਗੋਡੇ-ਗੋਡੇ ਚਾਅ ਚੜ੍ਹਿਆ ਹੋਇਆ ਸੀ। ਆਖਰ ਖਰਬੂਜੇ ਨੂੰ ਦੇਖ ਕੇ ਖਰਬੂਜਾ ਰੰਗ ਫੜਨ ਲੱਗ ਪਿਆ। ਮੈਨੂੰ ਵੀ ਖੇਡਾਂ ਨਾਲ ਮੋਹ ਹੋਣ ਲੱਗਾ।

ਲੰਘੀ 23 ਜੁਲਾਈ ਨੂੰ ਸ਼ੁਰੂ ਹੋਈਆਂ ਟੋਕੀਓ ਓਲੰਪਿਕ ਖੇਡਾਂ ਵਾਲੇ ਦਿਨ ਤੋਂ ਸਾਡੇ ਘਰ ਖੇਡਾਂ ਦਾ ਸਿੱਧਾ ਪ੍ਰਸਾਰਨ ਵਾਲਾ ਚੈਨਲ ਹੀ ਚਲਦਾ। ਇੱਕ ਦਿਨ ਮੇਰੇ ਮਾਤਾ ਜੀ ਨੇ ਸਵੇਰੇ ਹੀ ਝਿੜਕਿਆ, "ਪੁੱਤ, ਮੈਂ ਕਥਾ ਸੁਣਨੀ ਹੈ, ਮੇਰੇ ਵਾਲਾ ਚੈਨਲ ਲਾ ਦੇ।" ਮੈਂ ਚੈਨਲ ਨਾ ਬਦਲਿਆ ਅਤੇ ਮਾਤਾ ਜੀ ਨੂੰ ਬੇਨਤੀ ਕੀਤੀ, "ਮਾਂ, ਖਿਡਾਰੀ ਵੀ ਤਾਂ ਤਪੱਸਵੀ ਹੁੰਦੇ ਹਨ ਅਤੇ ਓਲੰਪਿਕ ਖੇਡਾਂ ਵਿੱਚ ਇਨ੍ਹਾਂ ਦੀ ਕੀਤੀ ਸਾਧਨਾ ਦੀ ਅਜ਼ਮਾਇਸ਼ ਹੁੰਦੀ ਹੈ।" ਮਾਤਾ ਜੀ ਨੇ ਮੇਰੀ ਗੱਲ ਨਾਲ ਸਹਿਮਤੀ ਪ੍ਰਗਟਾਈ। ਬੈਡਮਿੰਟਨ ਖਿਡਾਰਨ ਪੀ ਵੀ ਸਿੰਧੂ ਦੀ ਖੇਡ ਪ੍ਰਤਿਭਾ ਨੇ ਮੇਰੇ ਬੱਚਿਆਂ ਕੀਲ ਲਿਆ। ਇਤਫਾਕਵੱਸ ਓਲੰਪਿਕ ਖੇਡਾਂ ਦੌਰਾਨ ਹੀ ਮੇਰੇ ਵੱਡੇ ਬੱਚੇ ਦਾ ਜਨਮ ਦਿਨ ਆਇਆ ਤਾਂ ਉਸ ਨੇ ਤੋਹਫੇ ਵਜੋਂ ਬੈਡਮਿੰਟਨ ਰੈਕੇਟ ਲੈ ਕੇ ਦੇਣ ਮੰਗ ਰੱਖ ਦਿੱਤੀ। ਦੋਵੇਂ ਪੁੱਤਰ ਸਵੇਰ-ਸ਼ਾਮ ਬੈਡਮਿੰਟਨ ਖੇਡ ਕੇ ਓਲੰਪਿਕ ਦਾ ਹਿੱਸਾ ਬਣੇ ਹੋਣ ਦਾ ਅਹਿਸਾਸ ਪਾਲਦੇ ਹਨ। ਵੱਡੇ ਪੁੱਤਰ ਨੇ ਓਲੰਪਿਕ ਖੇਡਾਂ ਦੇ ਇਤਿਹਾਸ ਦੇ ਵੇਰਵੇ ਵੀ ਸੰਖੇਪ ਵਿੱਚ ਆਪਣੀ ਡਾਇਰੀ ਵਿੱਚ ਦਰਜ ਕਰ ਲਏ ਹਨ।

ਓਲੰਪਿਕ ਅਸਲ ਵਿਚ ਇਕੱਲਾ ਖਿਡਾਰੀਆਂ ਦੇ ਖੇਡਣ ਤੱਕ ਸੀਮਿਤ ਨਹੀਂ ਹੁੰਦਾ। ਮੈਚ ਦਾ ਨਤੀਜਾ ਆਉਣ ਉੱਤੇ ਦੋਵੇਂ ਟੀਮਾਂ ਦੇ ਖਿਡਾਰੀਆਂ ਦੇ ਹੰਝੂ ਵਹਿ ਤੁਰਦੇ ਹਨ, ਇੱਕ ਧਿਰ ਦੇ ਜਿੱਤ ਦੀ ਖੁਸ਼ੀ ਵਿੱਚ ਅਤੇ ਦੂਜੀ ਦੇ ਹਾਰ ਦਾ ਮੂੰਹ ਦੇਖਣ ਕਰ ਕੇ। ਇਹੀ ਹਾਲ ਮੈਚ ਦੇਖਣ ਵਾਲੇ ਦਰਸ਼ਕਾਂ ਦਾ ਹੁੰਦਾ। ਜੇਤੂ ਟੀਮ ਦੇ ਪ੍ਰਸ਼ੰਸਕਾ ਦਾ ਚਿਹਰਾ ਖੁਸ਼ੀ ਨਾਲ ਚੜ੍ਹਦੇ ਸੂਰਜ ਦੀ ਪਹਿਲੀ ਕਿਰਨ ਵਾਂਗ ਚਮਕਦਾ ਤੇ ਹਾਰਨ ਵਾਲੀ ਟੀਮ ਦੇ ਪ੍ਰਸ਼ੰਸਕ ਪੱਤਝੜ ਦੇ ਪੱਤਿਆਂ ਵਾਂਗ ਉਦਾਸੀ ਵਿੱਚ ਡੁੱਬੇ ਹੁੰਦੇ। ਨਵਦੀਪ ਦੀ ਚੇਟਕ ਨੇ ਮੇਰੇ ਪਰਵਾਰ ਨੂੰ ਖੇਡਾਂ ਦੇ ਸਮੁੰਦਰ ਵਿੱਚ ਗੋਤਾ ਲੁਆ ਦਿੱਤਾ। ਮੇਰੀ ਪਤਨੀ ਮੈਡੀਕਲ ਖੇਤਰ ਨਾਲ ਜੁੜੀ ਹੋਈ ਹੈ, ਪਰ ਓਲੰਪਿਕ ਨੇ ਉਸ ਨੂੰ ਵੀ ਖੇਡਾਂ ਦਾ ਸ਼ੌਕ ਪਾ ਦਿੱਤਾ। ਅੱਜ ਕੱਲ੍ਹ ਹਾਕੀ, ਬੈਡਮਿੰਟਨ, ਤੈਰਾਕੀ ਵਰਗੀਆਂ ਖੇਡਾਂ ਪਰਵਾਰ ਦੀ ਵਿਚਾਰ-ਚਰਚਾ ਦਾ ਕੇਂਦਰ ਬਿੰਦੂ ਹੁੰਦੀਆਂ। ਸਿਆਣਿਆਂ ਦੀ ਕਹਾਵਤ 'ਜੈਸੀ ਸੰਗਤ, ਵੈਸੀ ਰੰਗਤ' ਪਰਵਾਰ ਉੱਤੇ ਸੌ ਫੀਸਦੀ ਢੁਕ ਗਈ।



## ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।

ਸੰਪਰਕ: ਅਜੈਬ ਸਹੋਤਾ

4165618882, 4164544587

# ਠੇਡਾ ਵੀ ਲੱਗ ਸਕਦਾ ਹੈ ਦੇਸ਼-ਭਗਤੀ ਦਾ ਸਾਰਾ ਠੇਕਾ ਲੈ ਕੇ ਚੱਲ ਰਹੀ ਭਾਜਪਾ



ਜਤਿੰਦਰ ਪੰਨੂ

ਰਾਸ਼ਟਰੀ ਸੋਇਮਸੇਵਕ ਸੰਘ ਵੱਲੋਂ ਪਿੱਛੇ ਬੈਠ ਕੇ ਭਾਜਪਾ ਆਗੂ ਨਰਿੰਦਰ ਮੋਦੀ ਰਾਹੀਂ ਚਲਾਈ ਜਾਂਦੀ ਭਾਰਤ ਦੀ ਸਰਕਾਰ ਨੇ ਦੇਸ਼ ਦੇ ਸਭ ਤੋਂ ਵੱਡੇ ਖੇਡ ਐਵਾਰਡ ਦਾ ਨਾਂਅ ਬਦਲ ਕੇ ਰਾਜੀਵ ਗਾਂਧੀ ਖੇਡ ਰਤਨ ਐਵਾਰਡ ਦੀ ਥਾਂ 'ਮੇਜਰ ਧਿਆਨ ਚੰਦ ਖੇਡ ਰਤਨ ਐਵਾਰਡ' ਕਰ ਦਿੱਤਾ ਹੈ। ਇਸ ਦੀ ਹਮਾਇਤ ਅਤੇ ਵਿਰੋਧ ਦੀਆਂ ਦਲੀਲਾਂ ਦੇਣ ਵਾਲਿਆਂ ਦੀ ਲੜੀ ਬਹੁਤ ਲੰਮੀ ਜਾਪਦੀ ਹੈ। ਬਹੁਤਾ ਕਰ ਕੇ ਦੋਵੇਂ ਧਿਰਾਂ ਦੇ ਲੋਕ ਇੱਕ ਜਾਂ ਦੂਸਰੀ ਰਾਜਨੀਤੀ ਨਾਲ ਜੋੜ ਕੇ ਇਸ ਖੇਡ ਐਵਾਰਡ ਦਾ ਮੁੱਦਾ ਚੁੱਕ ਰਹੇ ਹਨ। ਸੱਚਾਈ ਇਹ ਹੈ ਕਿ ਜਦੋਂ ਕਾਂਗਰਸ ਦੀ ਚੜ੍ਹਤ ਸੀ, ਉਨ੍ਹਾਂ ਨੇ ਨਹਿਰੂ-ਗਾਂਧੀ ਪਰਵਾਰ ਦੀ ਚਾਪਲੂਸੀ ਵਿੱਚ ਸਿਖਰ ਛੋਹ ਰੱਖਿਆ ਸੀ ਤੇ ਲਗਭਗ ਹਰ ਨਵੀਂ ਗੱਲ ਨਾਲ ਉਸੇ ਟੱਬਰ ਦਾ ਨਾਂਅ ਜੋੜਨਾ ਜ਼ਰੂਰੀ ਹੋ ਗਿਆ ਸੀ। ਓਦੋਂ ਦੀਆਂ ਉਸ ਇੱਕੋ ਪਰਵਾਰ ਨਾਲ ਜੋੜੀਆਂ ਥਾਂਵਾਂ ਵਿੱਚੋਂ ਕਿਸੇ ਇੱਕ ਦਾ ਨਾਂਅ ਬਦਲ ਕੇ ਨਰਿੰਦਰ ਮੋਦੀ ਨੇ ਝਟਕਾ ਦਿੱਤਾ ਹੈ ਤਾਂ ਕਈ ਲੋਕ ਖੁਸ਼ ਹਨ। ਉਂਜ ਹਾਕੀ ਖਿਡਾਰੀ ਧਿਆਨ ਚੰਦ ਦਾ ਸਤਿਕਾਰ ਕਰਨਾ ਸੀ ਤੇ ਕਰਨਾ ਵੀ ਬਣਦਾ ਸੀ ਤਾਂ ਇਸ ਤੋਂ ਵੱਡਾ ਨਵਾਂ ਐਵਾਰਡ ਉਸ ਦੇ ਨਾਂਅ ਨਾਲ ਚਾਲੂ ਕਰ ਕੇ ਕੀਤਾ ਜਾ ਸਕਦਾ ਸੀ, ਰਾਜੀਵ ਦਾ ਨਾਂਅ ਕੱਟ ਕੇ ਉਸ ਦਾ ਨਾਂਅ ਲਿਖਣਾ ਸਾਫ ਦੱਸਦਾ ਹੈ ਕਿ ਇਰਾਦਾ ਧਿਆਨ ਚੰਦ ਦਾ ਸਨਮਾਨ ਕਰਨ ਦਾ ਘੱਟ ਤੇ ਨਹਿਰੂ-ਗਾਂਧੀ ਪਰਵਾਰ ਦਾ ਅਪਮਾਨ ਕਰਨ ਦਾ ਵੱਧ ਸੀ ਤੇ ਕਰ ਦਿੱਤਾ ਹੈ। ਕੁਝ ਲੋਕ ਇਹ ਕਹਿ ਰਹੇ ਹਨ ਕਿ ਜੇ ਰਾਜੀਵ ਗਾਂਧੀ ਦਾ ਨਾਂਅ ਖੇਡ ਐਵਾਰਡ ਨਾਲ ਲਾਉਣਾ ਗਲਤ ਸੀ ਤਾਂ ਜਿਉਂਦੇ-ਜਾਗਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਂਅ ਸੰਸਾਰ ਭਰ ਦੇ ਸਭ ਤੋਂ ਵੱਡੇ ਕ੍ਰਿਕਟ ਸਟੇਡੀਅਮ ਨਾਲੋਂ ਅਤੇ ਮਰਹੂਮ ਭਾਜਪਾ ਨੇਤਾ ਅਰੁਣ ਜੇਤਲੀ ਦਾ ਨਾਂਅ ਦਿੱਲੀ ਵਿਚਲੇ ਕ੍ਰਿਕਟ ਸਟੇਡੀਅਮ ਨਾਲੋਂ ਵੀ ਕੱਟ ਦੇਣਾ ਚਾਹੀਦਾ ਹੈ। ਭਾਜਪਾ ਲੀਡਰ ਇਸ ਦੇ ਲਈ ਕਦੀ ਨਹੀਂ ਮੰਨ ਸਕਦੇ।

ਨਰਿੰਦਰ ਮੋਦੀ ਤੇ ਉਸ ਦੇ ਪਿੱਛੇ ਖੜੀ ਢਾਣੀ ਇਹ ਮੰਨ ਕੇ ਚੱਲਦੀ ਹੈ ਕਿ ਜਦੋਂ ਤੱਕ ਕਾਂਗਰਸ ਪਾਰਟੀ ਅਤੇ ਇਸ ਦੇ ਆਗੂਆਂ ਦਾ ਨਾਂਅ ਲੋਕਾਂ ਦੇ ਮਨਾਂ ਤੋਂ ਕੱਢਿਆ ਨਹੀਂ ਜਾਂਦਾ, ਰਾਜਨੀਤਕ ਪੱਖੋਂ 'ਕਾਂਗਰਸ ਮੁਕਤ ਭਾਰਤ' ਬਣਾਉਣ ਦੀ ਸੋਚ ਸਿਰੇ ਨਹੀਂ ਚੜ੍ਹ ਸਕਦੀ। ਇਸ ਧਾਰਨਾ ਨੂੰ ਸਿਰੇ ਚੜ੍ਹਾਉਣ ਲਈ ਉਹ ਹੌਲੀ-ਹੌਲੀ ਕਾਂਗਰਸੀ ਨੁਸਖਾ ਅਪਣਾਉਣ ਤੇ ਕਾਂਗਰਸੀ ਆਗੂਆਂ ਦੀ ਥਾਂ ਓਸੇ ਤਰ੍ਹਾਂ ਹਰ ਪਾਸੇ ਆਪਣੇ ਮੌਜੂਦਾ ਅਤੇ ਮਰਹੂਮ ਨੇਤਾਵਾਂ ਦੇ ਨਾਂਅ ਲਿਖਣ ਦੇ ਰਾਹ ਪੈ ਚੁੱਕੇ ਹਨ। ਇਹ ਕੰਮ ਮੱਠੀ ਚਾਲੇ ਹੋ ਰਿਹਾ ਹੈ ਅਤੇ ਹੁੰਦਾ ਰਹਿਣਾ ਹੈ। ਦੇਸ਼ ਦੇ ਲੋਕਾਂ ਨੂੰ ਨਾ ਹਰ ਪਾਸੇ ਕਾਂਗਰਸੀਆਂ ਦੇ ਮੋਹਰੀ ਪਰਵਾਰ ਦੇ ਨਾਂਅ ਲਿਖੇ ਚੁਭਦੇ ਸਨ ਤੇ ਨਾ ਭਾਜਪਾ ਵਾਲਿਆਂ ਦੇ ਨਾਂਅ ਕੋਈ ਗਹੁ ਨਾਲ ਪੜ੍ਹਦਾ ਹੈ, ਆਮ ਲੋਕਾਂ ਕੋਲ ਏਦਾਂ ਦੀਆਂ ਗੱਲਾਂ ਬਾਰੇ ਸੋਚਣ ਦਾ ਵਕਤ ਹੀ ਨਹੀਂ ਹੁੰਦਾ, ਕਿਉਂਕਿ ਦੋ ਡੰਗ ਦੀ ਰੋਟੀ ਦੀ ਚਿੰਤਾ ਕਾਂਗਰਸੀ ਰਾਜ ਦੇ ਵਕਤ ਵੀ ਖਹਿੜਾ ਨਹੀਂ ਸੀ ਛੱਡਦੀ ਤੇ ਭਾਜਪਾ ਰਾਜ ਵਿੱਚ ਵੀ ਨਹੀਂ ਛੱਡਦੀ। 'ਪੇਟ ਨਾ ਪਈਆਂ ਰੋਟੀਆਂ, ਸੱਭੇ ਗੱਲਾਂ ਖੋਟੀਆਂ' ਦੇ ਮੁਹਾਵਰੇ ਵਾਂਗ ਆਮ ਆਦਮੀ ਲਈ ਰਾਜਨੀਤੀ ਦੀਆਂ ਇਨ੍ਹਾਂ ਤਿਕੜਮਾਂ ਬਾਰੇ ਸੋਚਣ ਦਾ ਕੀ, ਬੀਤੇ ਤਜਰਬੇ ਵਿੱਚ ਝਾਕਣ ਦਾ ਵੀ ਵਕਤ ਨਹੀਂ ਹੁੰਦਾ, ਵਰਨਾ ਮੌਕੇ ਦੀਆਂ ਸਰਕਾਰਾਂ ਦੇ ਕਿਰਦਾਰ ਬਾਰੇ ਵੀ ਸੌਖਾ ਸਮਝ ਸਕਦੇ।



ਅੱਜ ਜਿਸ ਪੜਾਅ ਵਿੱਚੋਂ ਭਾਰਤ ਲੰਘ ਰਿਹਾ ਹੈ, ਓਥੇ ਦੇਸ਼-ਭਗਤੀ ਦਾ ਸਭ ਤੋਂ ਵੱਡਾ ਸਰਟੀਫਿਕੇਟ ਭਾਜਪਾ ਜਾਂ ਆਰ ਐੱਸ ਐੱਸ ਨਾਲ ਜੁੜਿਆ ਹੋਣਾ ਮੰਨਿਆ ਜਾਂਦਾ ਹੈ। ਉਹ ਦੇਸ਼ ਦੀ ਆਜ਼ਾਦੀ ਦੀ ਲਹਿਰ ਬਾਰੇ ਵੀ ਓਦੋਂ ਦੇ ਸ਼ਹੀਦਾਂ ਤੇ ਸੰਗਰਾਮੀਆਂ ਨੂੰ ਆਪਣੀ ਸੋਚ ਦੇ ਚੌਖਟੇ ਵਿੱਚ ਫਿੱਟ ਕਰਨ ਦਾ ਯਤਨ ਕਰਦੇ ਹਨ ਤੇ ਜਿਹੜੇ ਫਿੱਟ ਨਾ ਆਉਂਦੇ ਹੋਣ, ਉਨ੍ਹਾਂ ਦੇ ਖਿਲਾਫ ਭੰਡੀ-ਪ੍ਰਚਾਰ ਸ਼ੁਰੂ ਕਰ ਸਕਦੇ ਹਨ। ਸਰਕਾਰੀ ਸਰਪ੍ਰਸਤੀ ਹੋਣ ਕਾਰਨ ਭਾਜਪਾ ਦੀ ਹਰ ਗੱਲ ਜਾਇਜ਼ ਠਹਿਰਾਉਣ ਵਾਲਿਆਂ ਨੂੰ ਕੋਈ ਇਹ ਵੀ ਯਾਦ ਨਹੀਂ ਕਰਾਉਂਦਾ ਕਿ ਦੇਸ਼ ਨੂੰ ਆਜ਼ਾਦੀ ਮਿਲਣ ਵੇਲੇ ਆਰ ਐੱਸ ਐੱਸ ਨੇ ਉਸ ਤਿਰੰਗੇ ਝੰਡੇ ਨੂੰ ਸਨਮਾਨ ਨਾ ਦੇਣ ਦਾ ਸੱਦਾ ਦਿੱਤਾ ਸੀ, ਜਿਸ ਤਿਰੰਗੇ ਨੂੰ ਅੱਜ ਉਹੋ ਲੋਕ ਸਭ ਤੋਂ ਵੱਧ ਉੱਚਾ ਚੁੱਕਣ ਦੀਆਂ ਗੱਲਾਂ ਕਰਦੇ ਹਨ। ਸੰਘ ਪਰਵਾਰ ਦਾ ਬੁਲਾਰਾ ਅੰਗਰੇਜ਼ੀ ਮੈਗਜ਼ੀਨ 'ਆਰਗੇਨਾਈਜ਼ਰ' ਆਜ਼ਾਦੀ ਮਿਲਣ ਦੇ ਸਾਲ 1947 ਵਿੱਚ ਸ਼ੁਰੂ ਹੋਇਆ ਸੀ ਅਤੇ ਇਸ ਦੇ 17 ਜੁਲਾਈ 1947 ਨੂੰ ਛਪੇ ਤੀਸਰੇ ਅੰਕ ਵਿੱਚ ਸੰਪਾਦਕੀ ਲੇਖ ਵਿੱਚ ਹੀ ਤਿਰੰਗੇ ਝੰਡੇ ਨੂੰ ਮਾਨਤਾ ਦੇਣ ਦਾ ਤਿੱਖਾ ਵਿਰੋਧ ਕਰਦੇ ਹੋਏ ਲਿਖ ਦਿੱਤਾ ਗਿਆ ਸੀ ਕਿ ਸਮਾਂ ਆਵੇਗਾ, ਜਦੋਂ ਇਸ ਦੇਸ਼ ਵਿੱਚ ਤਿਰੰਗਾ ਨਹੀਂ, ਸਿਰਫ ਭਗਵਾ ਝੰਡਾ ਲਹਿਰਾਇਆ ਕਰੇਗਾ। ਉਸ ਤੋਂ ਬਾਅਦ ਕਈ ਸਾਲਾਂ ਤੱਕ ਇਸ ਸੰਗਠਨ ਨੇ ਆਪਣੇ ਨਾਗਪੁਰ ਵਾਲੇ ਮੁੱਖ ਦਫਤਰ ਉੱਤੇ ਤਿਰੰਗਾ ਝੰਡਾ ਨਹੀਂ ਸੀ ਲਾਇਆ, ਪਰ ਭਾਰਤ ਉੱਤੇ ਰਾਜ ਕਰਨ ਦਾ ਸੁਫਨਾ ਸਿਰੇ ਚੜ੍ਹਾਉਣ ਲਈ ਇੱਕ ਮਜਬੂਰੀ ਵਿੱਚ ਲਾਇਆ ਜਾਣ ਲੱਗਾ ਹੈ। ਆਜ਼ਾਦੀ ਮਿਲਣ ਵੇਲੇ ਆਰ ਐੱਸ ਐੱਸ ਦੇ ਓਦੋਂ ਦੇ ਮੁਖੀ ਗੋਲਵਾਲਕਰ ਨੇ ਆਖਿਆ ਸੀ ਕਿ ਕੁਦਰਤ ਦੀ ਕਿੱਕ ਨਾਲ ਸੱਤਾ ਵਿੱਚ ਆਏ ਆਗੂ ਸਾਡੇ ਹੱਥ ਤਿਰੰਗਾ ਫੜਾ ਸਕਦੇ ਹਨ, ਪਰ ਇਹ ਝੰਡਾ ਕਦੇ ਵੀ ਹਿੰਦੂਆਂ ਵੱਲੋਂ ਨਾ ਸਤਿਕਾਰਿਆ ਜਾਵੇਗਾ ਅਤੇ ਨਾ ਅਪਣਾਇਆ ਜਾਵੇਗਾ। ਇਸ ਤੋਂ ਅੱਗੇ ਵਧ ਕੇ ਇਹ ਵੀ ਲਿਖਿਆ ਗਿਆ ਕਿ ਤਿੰਨ ਦਾ ਨੰਬਰ ਹੀ ਆਪਣੇ ਆਪ ਵਿੱਚ ਬੁਰਾਈ ਹੈ ਅਤੇ ਇਹ ਤਿੰਨ ਰੰਗਾਂ ਵਾਲਾ ਝੰਡਾ ਦੇਸ਼ ਦੀ ਮਾਨਸਕਿਤਾ ਉੱਤੇ ਬੁਰਾ ਅਸਰ ਪਾਵੇਗਾ ਅਤੇ ਉਸ ਨੂੰ ਜ਼ਖਮੀ ਕਰੇਗਾ।

ਸਾਨੂੰ ਇਹ ਗੱਲ ਪਤਾ ਹੈ ਕਿ ਰਾਜ-ਸੁਖ ਦੀ ਭੁੱਖ ਦੀਆਂ ਸਤਾਈਆਂ ਕੁਝ ਧਿਰਾਂ ਦੀ ਮਦਦ ਨਾਲ ਗੱਠਜੋੜ ਬਣਾ ਕੇ ਦੇਸ਼ ਦੀ ਵਾਗ ਇੱਕ ਵਾਰ ਸਾਂਭ ਚੁੱਕੀ ਭਾਜਪਾ ਕੋਲ ਇਸ ਵੇਲੇ ਏਨੀ ਤਾਕਤ ਹੈ ਕਿ ਜੋ ਮਰਜ਼ੀ ਭੰਨਤੋੜ ਕਰੀ ਜਾਵੇ, ਕੋਈ ਰੋਕ ਸਕਣ ਵਾਲੀ ਤਾਕਤ ਸਾਹਮਣੇ ਨਹੀਂ ਦਿੱਸਦੀ, ਪਰ ਹਾਲਾਤ ਸਦਾ ਇੱਕੋ ਰਹਿਣ ਦੀ ਗਾਰੰਟੀ ਨਹੀਂ ਹੁੰਦੀ। ਨਰਿੰਦਰ ਮੋਦੀ ਦੀ ਅਗਵਾਈ ਹੇਠ ਜਿਹੜੀ ਮੁਹਿੰਮ ਇਸ ਵਕਤ ਚੱਲ ਰਹੀ ਹੈ, ਉਹ ਆਪਣੇ ਵਿਰੋਧ ਦੀਆਂ ਧਿਰਾਂ ਖੁਦ ਪੈਦਾ ਕਰਨ ਤੱਕ ਜਾ ਸਕਦੀ ਹੈ। ਘੱਟ-ਗਿਣਤੀਆਂ ਨੂੰ ਸਤਾਉਣ ਅਤੇ ਪੁਰਾਣੇ ਪ੍ਰਤੀਕਾਂ ਨੰ ਢਾਹੁਣ ਨਾਲ ਜਿੱਦਾਂ ਦੇ ਹਾਲਾਤ ਬਣ ਸਕਦੇ ਹਨ, ਭਾਜਪਾ ਲੀਡਰਸ਼ਿਪ ਉਨ੍ਹਾਂ ਬਾਰੇ ਨਹੀਂ ਸੋਚ ਰਹੀ। ਸ਼ਾਇਦ ਉਹ ਸੋਚਣਾ ਵੀ ਨਹੀਂ ਚਾਹੁੰਦੀ। ਉਹ ਲੋਕ ਥੋੜ੍ਹੇ ਨਹੀਂ, ਜਿਹੜੇ ਹਰ ਤਰ੍ਹਾਂ ਦੇ ਹਾਲਾਤ ਵਿੱਚ ਵਿਰੋਧ ਕਰਨ ਦੀ ਹਿੰਮਤ ਕਰ ਸਕਦੇ ਹਨ ਤੇ ਜਦੋਂ ਏਦਾਂ ਦੀ ਹਿੰਮਤ ਦਾ ਕੋਈ ਠੋਸ ਮੁੱਢ ਇੱਕ ਵਾਰੀ ਬੱਝ ਗਿਆ, ਫਿਰ ਰੇਤ ਦੀ ਬੋਰੀ ਵਾਂਗ ਹੀ ਕੇਰਾ ਲੱਗਦਾ ਹੁੰਦਾ ਹੈ ਤੇ ਰੁਕਦਾ ਨਹੀਂ ਹੁੰਦਾ।

# ਬਾਪੂ ਦੀਆਂ ਮੁਹੱਬਤਾਂ

– ਗੱਜਣਵਾਲਾ ਸੁਖਮਿੰਦਰ

ਘਰਾਂ ਵਿੱਚ ਝਾੜੂ-ਪੋਚਾ ਲਾਉਣ ਤੇ ਭਾਂਡੇ ਮਾਂਜਣ ਵਾਲੀਆਂ ਯੂ ਪੀ ਦੀਆਂ ਕੁੜੀਆਂ ਇਮਾਨਦਾਰ ਗਿਣੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਜ਼ਰੂਰ ਕੋਈ ਸਿੱਖਿਆ ਦਿੱਤੀ ਗਈ ਹੋਵੇਗੀ, ਜੋ ਇਹ ਕਮਰਿਆਂ ਵਿੱਚ ਪਏ ਕੀਮਤੀ ਸਾਮਾਨ ਤੇ ਪੈਸੇ ਟਕੇ ਨੂੰ ਹੱਥ ਨਹੀਂ ਲਾਉਂਦੀਆਂ। ਕਦੇ ਕਦੇ ਲੱਗਦਾ, ਇਨ੍ਹਾਂ ਨੂੰ ਦੂਜਾ ਪ੍ਰਾਂਤ ਜਿਵੇਂ ਪਰਾਇਆ ਦੇਸ ਲੱਗਦਾ ਹੋਵੇ। ਜਿਵੇਂ ਵਿਦੇਸ਼ਾਂ ਨੂੰ ਗਏ ਪੰਜਾਬੀ ਜਨਮ ਭੂਮੀ ਨੂੰ ਬਹੁਤ ਲੋਚਦੇ ਹਨ ਅਤੇ ਵਾਰ ਵਾਰ ਪੰਜਾਬ ਪਰਤਣ ਦੀ ਸੋਚਦੇ ਹਨ, ਉਸੇ ਤਰ੍ਹਾਂ ਇਹ ਵੀ ਆਪਣੇ ਜਨਮ ਸਥਾਨਾਂ ਨੂੰ ਬਹੁਤ ਪਿਆਰ ਕਰਦੀਆਂ ਹਨ। ਇਨ੍ਹਾਂ ਨੇ ਸਾਲ ਵਿੱਚ ਦੋ ਕੁ ਵਾਰ ਖਾਸਕਰ ਮਈ-ਜੂਨ ਜਾਂ ਹੋਲੀ ਆਦਿ ਉੱਤੇ ਪੂਰੇ ਪਰਵਾਰ ਸਮੇਤ 'ਗਾਓਂ' ਜਾਣਾ ਹੁੰਦਾ। ਹਿੰਦੀ ਪੱਟੀ ਦੀਆਂ ਵਸਨੀਕ ਹੋਣ ਕਰ ਕੇ ਇਨ੍ਹਾਂ ਦੀ ਬੋਲੀ ਬਹੁਤ ਮਿਠਾਸੜੀ, ਮ੍ਰਿਦਲ ਤੇ ਸਾਫ ਹੁੰਦੀ ਹੈ। ਸਾਡੇ ਵਾਂਗ ਇਹ ਸੋਟਾ, ਬੇਰੁਖੀ, ਖੁਰਦਰੇ ਅਲਫਾਜ਼ ਨਹੀਂ ਹੁੰਦੇ। ਇਨ੍ਹਾਂ ਦੇ ਨਾਂਅ ਵੀ ਕਮਾਲ ਦੇ ਨਵੀਨਤਮ ਅਤੇ ਫਿਲਮੀ ਤਰਜ਼ ਵਾਲੇ ਹੁੰਦੇ ਹਨ: ਸੀਮਾ, ਵਿਕ੍ਰਾਂਤੀ, ਉਰਮਿਲਾ, ਅਨੀਤਾ ਆਦਿ।

ਸਾਡੇ ਘਰ ਕੰਮ ਕਰਨ ਵਾਲੀ ਦਾ ਨਾਂਅ ਸੁਨੈਨਾ ਹੈ। ਕੁਝ ਮਹੀਨਿਆਂ ਤੋਂ ਗਰਭਵਤੀ ਹੈ, ਨਿੱਕਾ ਨਿਆਣਾ ਹੋਣ ਵਾਲਾ ਹੈ। ਉਹਨੇ ਆਪਣੇ ਮਾਤਾ-ਪਿਤਾ ਕੋਲ ਯੂ ਪੀ ਜਾਣਾ ਸੀ। ਉਹ 'ਗਾਓਂ' ਜਾਣ ਵੇਲੇ ਮੇਰੀ ਪਤਨੀ ਨੂੰ ਕਹਿਣ ਲੱਗੀ, 'ਆਂਟੀ, ਮੇਰਾ ਅਗਲੇ ਮਹੀਨੇ ਮਾਰਚ ਮੇਂ ਡਿਲਿਵਰੀ ਟਾਈਮ ਹੈ। ਆਪਣੇ ਵਤਨ ਜਾਊਂਗੀ ਔਰ ਜੂਨ ਮਹੀਨੇ ਵਾਪਸ ਆ ਜਾਊਂਗੀ। ਤੁਸੀਂ ਮੇਰੇ ਪਿੱਛੋਂ ਕਿਸੇ ਨੂੰ ਪੱਕੇ ਕੰਮ ਉੱਤੇ ਮਤ ਰੱਖਣਾ।' ਸਮਾਂ ਆਉਣ ਉੱਤੇ ਸੁਨੈਨਾ



(ਫਰਜ਼ੀ ਨਾਂਅ) ਆਪਣੇ ਮਿੱਥੇ ਸਮੇਂ ਅਨੁਸਾਰ ਆਪਣੇ 'ਗਾਓਂ' ਚਲੀ ਗਈ। ਅੱਠੀਂ-ਦੱਸੀਂ ਦਿਨੀਂ ਅਸੀਂ ਫੋਨ ਉੱਤੇ ਉਹਦਾ ਹਾਲ-ਚਾਲ ਪੁੱਛਦੇ ਰਹੇ। ਕੋਰੋਨਾ ਦਾ ਬਹੁਤ ਜ਼ੋਰ ਹੋਣ ਕਰ ਕੇ ਲੋਕਾਂ ਨੇ ਘਰਾਂ ਵਿੱਚ ਸਫਾਈ ਕਰਨ ਵਾਲੀਆਂ ਹਟਾ ਦਿੱਤੀਆਂ ਸਨ। ਅਸੀਂ ਸੁਨੈਨਾ ਦੇ ਜਾਣ ਪਿੱਛੋਂ ਕਿਸੇ ਨੂੰ ਕੰਮ ਉੱਤੇ ਨਹੀਂ ਰੱਖਿਆ, ਖੁਦ ਸਫਾਈ ਦਾ ਕੰਮ ਸੰਭਾਲੀ ਰੱਖਿਆ। ਜਦ ਜਣੇਪਾ ਹੋ ਗਿਆ ਤੇ ਜਦ ਬੱਚਾ ਵਾਹਵਾ ਹੋ ਗਿਆ ਤਾਂ ਸੁਨੈਨਾ ਪਿਛਲੇ ਮਹੀਨੇ ਵਾਪਸ ਸਾਡੇ ਘਰ ਕੰਮ ਉੱਤੇ ਆ ਗਈ।

ਗੱਲ ਇਹ ਹੈ ਕਿ ਔਰਤ ਭਾਵੇਂ ਕਿਸੇ ਵੀ ਖਿੱਤੇ ਨਾਲ ਸੰਬੰਧਤ ਹੋਵੇ, ਉਸ ਦੇ ਸੁਭਾਅ ਦੀ ਇਹ ਖਾਸੀਅਤ ਹੁੰਦੀ ਹੈ ਕਿ ਉਹ ਅਕਸਰ ਰਾਹ-ਖੇੜੇ ਕੋਲ ਦੀ ਲੰਘਣ ਵਾਲੀ ਬੁੜ੍ਹੀ ਕੁੜੀ ਨੂੰ ਬਿਨਾਂ ਬੁਲਾਏ ਜਾਣ ਨਹੀਂ ਦਿੰਦੀ। ਤਾਕ ਵਿੱਚ ਹੁੰਦੀ ਹੈ, ਮੈਂ ਕੋਈ ਗੱਲ ਕਿਉਂ ਨਾ ਕਰ ਲਵਾਂ। ਇੱਕ ਦੂਜੀ ਨਾਲ ਇਉਂ ਦੁੱਖ-ਸੁੱਖ ਜਿਹਾ ਫੋਲ ਕੇ ਕੋਈ ਸਕੂਨ ਮਿਲਦਾ ਹੋਵੇਗਾ। ਬਿਨਾਂ ਕਿਸੇ ਜਾਣ-ਪਛਾਣ ਦੇ ਪਲਾਂ ਵਿੱਚ ਘੁਲਮਿਲ ਜਾਂਦੀਆਂ ਅਤੇ ਬਗੈਰ ਕਿਸੇ ਉਚੇਚੇ ਮੁੱਦੇ ਦੇ ਨਿੱਕੀਆਂ-ਨਿੱਕੀਆਂ ਗੱਲਾਂ ਛੇੜ ਬਹਿੰਦੀਆਂ। ਇਸੇ ਧਾਰਨਾ ਹਿਤ ਸੁਨੈਨਾ ਵੀ ਜਦ ਸਫਾਈ ਦਾ ਕੰਮ ਧੰਦਾ ਨਿਬੇੜ ਕੇ ਚਾਹ ਦਾ ਕੱਪ ਪੀਣ ਲੱਗਦੀ ਤਾਂ ਉਹ ਅਤੇ ਉਹਦੀ ਆਂਟੀ ਅੱਧਾ-ਅੱਧਾ ਘੰਟਾ ਮਿਸ਼ਰਤ ਹਿੰਦੀ ਪੰਜਾਬੀ ਵਿੱਚ ਘਰੇਲੂ ਦੁੱਖਾਂ-ਸੁੱਖਾਂ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਲੱਗ ਪੈਂਦੀਆਂ।

ਇੱਕ ਦਿਨ ਸਨੈਨਾ ਆਪਣੇ ਜਣੇਪੇ ਬਾਰੇ ਗੱਲ ਦੱਸਣ ਲੱਗੀ, 'ਆਂਟੀ, ਇਸ ਵਾਰ ਮੇਰੀ ਡਿਲਿਵਰੀ ਬੜੇ ਅਪਰੇਸ਼ਨ (ਸਰਜਰੀ) ਨਾਲ ਹੋਣੀ ਸੀ। ਹਮਾਰੇ ਯੂ ਪੀ ਮੇਂ ਸਰਕਾਰੀ ਹਸਪਤਾਲਾਂ ਵਿੱਚ ਕੋਈ ਭਰੋਸੇਯੋਗ ਪ੍ਰਬੰਧ ਨਹੀਂ। ਪ੍ਰਾਈਵੇਟ ਹਸਪਤਾਲ ਬਹੁਤ ਮਹਿੰਗੇ ਹੋਣ ਕਰ ਕੇ ਹਮਾਰੀ ਪਹੁੰਚ ਵਿੱਚ ਨਹੀਂ, ਘਰ ਵਿੱਚ ਇਸ ਦੀ ਬਹੁਤ ਚਿੰਤਾ ਹੋ ਗਈ। ਹਮ ਠਹਿਰੇ ਗਰੀਬ ਲੋਗ, ਹਮਾਰੇ ਪਾਸ ਕਿਹੜਾ ਪੰਜਾਬ ਜੈਸੀ ਖੁੱਲ੍ਹੀ ਜ਼ਮੀਨਾਂ ਹਨ। ਛੋਟੀ ਮੋਟੀ ਖੇਤੀ ਮਜ਼ਦੂਰੀ ਕਰ ਕੇ ਗੁਜ਼ਰ ਬਸਰ ਕਰਦੇ ਹੈਂ, ਪਰ ਮੇਰੇ ਬਾਪ ਨੇ ਫੈਸਲਾ ਕਰ ਲਿਆ ਕਿ ਲੜਕੀ ਕੋ ਮਾਰਨਾ ਥੋੜ੍ਹਾ ਹੈ, ਕੁਛ ਭੀ ਹੋ ਜਾਏ, ਇਸ ਕਾ ਇਲਾਜ ਪ੍ਰਾਈਵੇਟ ਹਸਪਤਾਲ ਮੇਂ ਕਰਵਾਏਂਗੇ। ਮੇਰੇ ਬਾਪ ਨੇ ਆਂਟੀ, ਖਰਚੇ ਕਾ ਜੁਗਾੜ ਪਤਾ ਕੈਸੇ ਕੀਆ। ...ਉਸ ਵਕਤ ਮੇਰੀ ਛੋਟੀ ਬ੍ਹੈਨ ਕੀ ਮੰਗਨੀ ਹੋ ਚੁੱਕੀ ਥੀ ਔਰ ਸ਼ਾਦੀ ਹੋਨੇ ਵਾਲੀ ਥੀ। ਕੋਰੋਨਾ ਕੀ ਵਜ੍ਹਾ ਸੇ ਹੋ ਨਾ ਸਕੀ ਤੇ ਆਗੇ ਪੜ ਗਈ। ਮੇਰੇ ਬਾਪ ਨੇ ਉਸ ਕੋ ਦਹੇਜ ਮੇਂ ਦੇਨੇ ਕੇ ਲੀਏ ਬੱਕਰੀ ਪਾਲ ਰੱਖੀ ਸੀ। ਹਮ ਗਰੀਬ ਲੋਗ ਹੈਂ ਨਾ, ਭੈਂਸ ਵਗੈਰਾ ਤੋਂ ਦੇ ਨਹੀਂ ਸਕਤੇ, ਬੱਕਰੀ ਵਗੈਰਾ ਦੇਤੇ ਹੈਂ। ਜਦ ਮੇਰੀ ਸ਼ਾਦੀ ਹੁਈ ਥੀ, ਤਦ ਮੁਝੇ ਵੀ ਬੱਕਰੀ ਦੀ ਗਈ ਥੀ। ਆਂਟੀ, ਮੇਰੇ ਬਾਪ ਨੇ ਸੋਚਾ ਕਿ ਛੋਟੀ ਲੜਕੀ ਕੀ ਸ਼ਾਦੀ ਤੋਂ ਅਬ ਆਗੇ ਪੜ ਗਈ ਹੈ, ਉਸ ਨੇ ਏਕ ਤੋ ਵੋਹ ਬੱਕਰੀ ਜੋ ਦੇਨੇ ਕੇ ਲੀਏ ਪਾਲ ਰੱਖੀ ਸੀ, ਬੀਸ ਹਜ਼ਾਰ ਕੀ ਬੇਚ ਦੀ, ਔਰ ਹਮਾਰੇ ਛੋਟੇ ਸੇ ਖੇਤ ਮੇਂ ਸਫੈਦੇ ਕੇ ਦੋ ਪੇੜ ਥੇ, ਵੋਹ ਬੇਚ ਦੀਏ। ਐਸੇ ਹਸਪਤਾਲ ਦਾ ਸਾਰਾ ਭੁਗਤਾਨ ਕਰਨੇ ਕਾ ਪ੍ਰਬੰਧ ਕਰ ਲੀਆ। ਦਵਾਈਆਂ ਤੇ ਅਪਰੇਸ਼ਨ ਵਗੈਰਾ ਕਾ ਪੂਰਾ ਪੰਤਾਲੀ ਹਜ਼ਾਰ ਰੂਪੀਆ ਹਸਪਤਾਲ ਕੋ ਦੇਨਾ ਪੜਾ।... ਆਂਟੀ, ਆਪ ਕੇ ਲੀਏ ਤੋਂ ਯਹ ਰਕਮ ਥੋੜ੍ਹੀ ਲਗਤੀ ਹੋਗੀ, ਹਮ ਗਰੀਬੋਂ ਕੇ ਲੀਏ ਤੋਂ ਬਹੁਤ ਭਾਰੀ ਹੈ। ਆਪ ਜਾਨਤੇ ਹੀ ਹੋ ਕਿ ਮੈਂ ਸਾਰਾ ਦਿਨ ਲੋਗੋਂ ਕੇ ਗੁਰੋਂ ਮੇਂ ਕਾਮ ਕਰਤੀ ਹੂੰ। ਮਰ ਕੇ ਮਹੀਨੇ ਕਾ ਚਾਰ ਪਾਂਚ ਹਜ਼ਾਰ ਹੈ। ਤੀਨ ਬੱਚੇ ਹੈਂ, ਉਨ ਕਾ ਅਲੱਗ ਖਰਚ। ਏਕ ਕਮਰਾ ਹੈ ਤੀਨ ਹਜ਼ਾਰ ਕਿਰਾਏ, ਪਤੀ ਮਜ਼ਦੂਰੀ ਕਰਤਾ ਹੈ, ਫਿਰ ਬ੍ਹੀ ਆਂਟੀ, ਹਮ ਨੇ ਸੋਚ ਰੱਖਾ ਹੈ ਕਿ ਜਬ ਬਹਨ ਕੀ ਸ਼ਾਦੀ ਹੋਗੀ, ਹਮ ਜ਼ਰੂਰ ਕੁਛ ਨਾ ਕੁਛ ਦੇਂਗੇ। ਔਰ ਨਾ ਸਹੀ, ਬੈਡ ਵਗੈਰਾ ਖਰੀਦ ਕੇ ਦੇਂਗੇ। ਦੇਖੋ, ਹਮਾਰੇ ਪਿਤਾ ਨੇ ਮੁਸ਼ਕਲ ਵਕਤ ਪਰ ਹਮਾਰੀ ਬਹੁਤ ਬੜੀ ਮਦਦ ਕੀ, ਉਨ ਕੇ ਬੋਲ ਮੁਝੇ ਅਬ ਬੀ ਯਾਦ ਹੈ: ਲੜਕੀ ਕੋ ਮਾਰਨਾ ਥੋੜ੍ਹਾ, ਪ੍ਰਾਈਵੇਟ ਹਸਪਤਾਲ ਮੇਂ ਇਸ ਕਾ ਇਲਾਜ ਕਰਵਾਏਂਗੇ। ਆਂਟੀ, ਗਰੀਬ ਹੋ ਚਾਹੇ ਅਮੀਰ ਹੋ, ਪਿਉ ਤੋ ਪਿਉ ਹੀ ਹੋਤਾ ਹੈ ਨਾ।''...

# ਮੈਂ ਪੀਂਘ ਦੇ ਹੁਲਾਰੇ ਨਾਲ ਗਾਵਾਂ...

-ਜਸਬੀਰ ਕੌਰ-

ਤਪਦੇ-ਸੜਦੇ ਮਈ-ਜੂਨ ਦੇ ਮਹੀਨਿਆਂ ਪਿੱਛੋਂ ਜਦ ਸਾਉਣ ਮਹੀਨੇ ਵਿੱਚ ਠੰਢੀਆਂ ਸੁਖਾਵੀਆਂ ਫੁਹਾਰਾਂ ਪੈਂਦੀਆਂ ਹਨ ਤਾਂ ਹਰ ਜੀਵ-ਜੰਤੂ ਦਾ ਮਨ ਖਿੜ ਉਠਦਾ ਹੈ। ਕਾਲੇ ਸੰਘਣੇ ਬੱਦਲਾਂ ਨਾਲ ਚੱਲਦੀਆਂ ਠੰਢੀਆਂ ਤੇਜ਼ ਹਵਾਵਾਂ ਤੇ ਫਿਰ ਤੇਜ਼ ਮੀਂਹ ਦੀਆਂ ਵਾਛੜਾਂ ਨਾਲ ਸਭ ਪੌਦੇ ਝੂਮਣ ਲੱਗਦੇ ਹਨ। ਸਖਤ ਗਰਮੀ ਤੋਂ ਬੇਹਾਲ ਹੋਈ ਸੁੱਕੀ ਧਰਤੀ ਰਿਮਝਿਮ ਨਾਲ ਨਿਹਾਲ ਹੋ ਜਾਂਦੀ ਹੈ। ਹਰ ਤਰ੍ਹਾਂ ਦੇ ਜਨੌਰ ਤੇ ਖਾਸ ਕਰ ਕੇ ਸੁੰਦਰ ਪੰਛੀ ਮੋਰ ਵੀ ਪੈਲਾਂ ਪਾਉਣ ਲੱਗ ਜਾਂਦਾ ਹੈ। ਵੱਡੇ ਅਤੇ ਬੱਚੇ ਤੇਜ਼ ਕਣੀਆਂ ਵਿੱਚ ਨਹਾ ਕੇ ਖੁਸ਼ ਹੋ-ਹੋ ਕੇ ਕਿਲਕਾਰੀਆਂ ਮਾਰਦੇ ਨੱਚਦੇ ਟੱਪਦੇ ਹਨ। ਆਪਣੇ ਬੂਹੇ-ਬਾਰੀਆਂ ਵਿੱਚੋਂ ਵਰ੍ਹਦੀਆਂ ਅੰਮ੍ਰਿਤ ਬੂੰਦਾਂ ਦੇਖ ਕੇ ਬਜ਼ੁਰਗ ਵੀ ਅਲੋਕਾਰ ਮੰਜ਼ਰ ਦਾ ਆਨੰਦ ਮਾਣਦੇ ਹਨ। ਗੱਲ ਕੀ ਸਾਰੀ ਕੁਦਰਤ ਹੀ ਠੰਢੀਆਂ-ਮਿੱਠੀਆਂ ਹਵਾਵਾਂ ਸੰਗ ਮੀਂਹ ਦੇ ਵਿਸਮਾਦੀ ਰੰਗ ਵਿੱਚ ਰੰਗੀ ਜਾਂਦੀ ਹੈ। ਇਹ ਸੁਹਾਵਣਾ ਮੌਸਮ ਮੌਜਮਸਤੀ ਵਾਲਾ, ਨਵੀਂ ਰੂਹ ਫੂਕਣ ਵਾਲਾ, ਨਵੀਂ ਜ਼ਿੰਦਗੀ ਦੇਣ ਵਾਲਾ ਹੁੰਦਾ ਹੈ।

ਵਿਆਹੀਆਂ ਔਰਤਾਂ ਨੂੰ ਵੀ ਇਸੇ ਮਹੀਨੇ ਵਿੱਚ ਸਹੁਰੇ ਘਰਾਂ ਦੇ ਘੁਟਵੇਂ ਮਾਹੌਲ ਤੋਂ ਵੱਖ ਹੋ ਕੇ ਪੇਕੇ ਘਰੀਂ ਜਾ ਕੇ ਆਜ਼ਾਦੀ ਅਤੇ ਖੁੱਲ੍ਹੇ ਦਿਲ ਨਾਲ ਮੀਂਹ ਦੀਆਂ ਪਿਆਰੀਆਂ ਬੂੰਦਾਂ ਦਾ ਲੁਤਫ ਉਠਾ ਲੈਣ ਦੀ ਖੁੱਲ੍ਹ ਮਿਲੀ ਸੀ। ਪਹਿਲਾਂ ਇਹ ਰਵਾਇਤ ਵੀ ਸੀ ਕਿ ਸਾਰਾ ਸਾਉਣ ਮਹੀਨਾ ਨਵ ਵਿਆਹੀਆਂ ਲਈ ਪੇਕੇ ਰਹਿਣ ਦਾ ਹੁੰਦਾ ਸੀ। ਸਭ ਵਿਆਹੀਆਂ ਤੇ ਕੁਆਰੀਆਂ ਕੁੜੀਆਂ ਇੱਕ ਖੁੱਲ੍ਹੀ ਥਾਂ ਰੁੱਖਾਂ ਹੇਠ ਇਕੱਠੀਆਂ ਹੋ ਕੇ ਗੋਲ ਦਾਇਰਾ ਬਣਾ ਕੇ ਬੋਲੀਆਂ ਗਿੱਧਾ ਪਾ ਕੇ ਨੱਚਦੀਆਂ ਹਨ ਤੇ ਨਾਲ-ਨਾਲ ਆਪਣੇ ਦਿਲ ਦੀ ਭੜਾਸ ਵੀ ਕੱਢਦੀਆਂ ਹਨ। ਸਹੁਰੇ ਪਰਵਾਰ ਵਿੱਚੋਂ ਖਾਸ ਕਰ ਕੇ ਸੱਸ ਦੇ ਤਾਅਨੇ-ਮਿਹਣੇ ਸੁਣ-ਸੁਣ ਕੇ ਅੱਕੀਆਂ ਖਿਝੀਆਂ ਉਹ ਬੋਲੀਆਂ ਦੇ ਰੂਪ ਵਿੱਚ ਬੋਲ-ਕੁਬੋਲ ਬੋਲਦੀਆਂ ਹਨ :


ਸੱਸ ਕਹਿੰਦੀ ਨੂੰਹ ਨੂੰ ਪੀਹਣਾ ਨਹੀਂ ਆਉਂਦਾ<br>
ਸੱਸ ਦੀ ਮਰ ਜਾਏ ਕੱਟੀ<br>
ਛਮਾ ਛਮ ਨੂੰਹ ਦੀ ਚੱਲਦੀ ਚੱਕੀ।

*******

ਇੱਕ ਮੇਰੀ ਸੱਸ ਨੀ ਬੁਰੀ<br>
ਗੱਲੇ ਕੱਥੇ ਵੀਰ ਪੁਣਦੀ<br>
ਨਿੱਤ ਦੇਵੇ ਮੇਰੇ ਮਾਪਿਆਂ ਨੂੰ ਗਾਲੀ।

ਅਜਿਹੀਆਂ ਬੋਲੀਆਂ ਵਿੱਚ ਉਹ ਸਹੁਰੇ ਪਰਵਾਰ ਨੂੰ ਪੁਣ ਕੇ ਮਨ ਹਲਕਾ ਕਰਦੀਆਂ ਸਨ। ਜਿਨ੍ਹਾਂ ਦੇ ਪਤੀ ਦੂਰ ਪ੍ਰਦੇਸਾਂ ਵਿੱਚ ਗਏ ਹੁੰਦੇ, ਉਸ ਨੂੰ ਇਸ ਮੌਸਮ ਵਿੱਚ ਸ਼ਿੱਦਤ ਨਾਲ ਯਾਦ ਕਰਦੀਆਂ ਤੇ ਨਾਲ ਪੀਂਘ ਝੂਟਦੀਆਂ :

ਨੀਂ ਮੈਂ ਪੀਂਘ ਦੇ ਹੁਲਾਰੇ ਨਾਲ ਗਾਵਾਂ<br>
ਵੇ ਇੱਕ ਵਾਰੀ ਆ ਜਾ ਹਾਣੀਆਂ<br>
ਤੇਰੀ ਦੀਦ ਦੀਆਂ ਭੁੱਖੀਆਂ ਨਿਗਾਹਾਂ<br>
ਵੇ ਇੱਕ ਵਾਰੀ ਆ ਜਾ ਹਾਣੀਆਂ



ਕਈ ਵਾਰੀ ਜੇ ਪਤੀ ਬਾਹਰੋਂ ਆਉਂਦਾ ਤਾਂ ਆਉਂਦੇ ਨੂੰ ਸੱਸ ਤੇ ਨਨਾਣ ਸ਼ਿਕਾਇਤਾਂ ਲਾ-ਲਾ ਸਿਖਾਉਂਦੀਆਂ ਤੇ ਪਤੀ ਉਨ੍ਹਾਂ ਦੇ ਮਗਰ ਲੱਗ ਕੇ ਪਤਨੀ ਨੂੰ ਮਾਰਨ-ਕੁੱਟਣਾ ਲੱਗਦਾ, ਜਿਵੇਂ ਇਹ ਸੱਸ ਦਾ ਜੱਦੀ-ਪੁਸ਼ਤੀ ਹੱਕ ਹੈ। ਸ਼ਾਵਾ ਵੰਗਾਂ ਵਾਲੇ ਗੀਤ ਵਿੱਚ ਇਸ ਦਾ ਜ਼ਿਕਰ ਹੈ, ਜਦ ਪਤਨੀ ਨੇ ਸੱਸ ਦੇ ਮਨ੍ਹਾ ਕਰਨ ਉੱਤੇ ਵੰਙਾਂ ਚੜ੍ਹਾ ਲਈਆਂ :

ਅੰਦਰ ਵੜ ਕੇ ਡੰਡਾ ਫੜ ਲਿਆ<br>
ਕੀਤੀਆਂ ਵੰਙਾਂ ਤਬਾਹ।<br>
ਚਿਰ ਪਿੱਛੋਂ ਛੁੱਟੀ ਆਵੇ<br>
ਆਉਂਦੇ ਨੂੰ ਸੱਸ ਸਿਖਾਵੇ<br>
ਬਾਪੂ ਵੇ ਅੱਡ ਹੁੰਨੀ ਆਂ।

ਅੱਜਕੱਲ੍ਹ ਤਾਂ ਪੀਂਘ ਪਾਉਣ ਲਈ ਪਿੱਪਲ ਬੋਹੜ ਹੀ ਕਿਤੇ ਦਿਸਦੇ ਨਹੀਂ, ਬਹੁਤ ਘੱਟ ਗਏ ਹਨ ਤਾਂ ਇਨ੍ਹਾਂ ਉੱਤੇ ਪੀਂਘਾਂ ਪਾਉਣ ਦਾ ਰਿਵਾਜ ਘਟ ਗਿਆ ਹੈ। ਅੱਜਕੱਲ੍ਹ ਤੀਆਂ ਸਟੇਜਾਂ ਤੱਕ ਸੀਮਿਤ ਹੋ ਗਈਆਂ ਜਾਂ ਸੈਮੀਨਾਰ, ਸਾਹਿਤਕ ਸਭਾਵਾਂ ਵਿੱਚ ਕਵੀ ਦਰਬਾਰ ਹੁੰਦੇ ਹਨ। ਇਨ੍ਹਾਂ ਥਾਵਾਂ ਵਿੱਚ ਹੀ ਭੰਗੜਾ-ਗਿੱਧਾ ਪਾ ਲਿਆ ਜਾਂਦਾ ਹੈ। ਪਹਿਲਾਂ ਲੋਕ ਕੁਦਰਤ ਨਾਲ ਵੱਧ ਜੁੜੇ ਹੁੰਦੇ ਸਨ। ਖੇਤਾਂ, ਖੂਹਾਂ, ਬਾਗਾਂ ਤੋਂ ਬਿਨਾ ਹਰ ਘਰ ਵਿੱਚ ਪਿੱਪਲ, ਬੋਹੜ, ਨਿੰਮ, ਕਿੱਕਰ ਆਦਿ ਦੇ ਰੁੱਖ ਆਮ ਹੁੰਦੇ ਸਨ, ਜਿਨ੍ਹਾਂ ਦੀਆਂ ਟਾਹਣੀਆਂ ਨਾਲ ਪੀਂਘਾਂ ਪਾ ਕੇ ਖੁੱਲ੍ਹੀ ਹਵਾ ਦੇ ਮਜ਼ੇ ਲਏ ਜਾਂਦੇ ਸਨ। ਸਮੇਂ ਨਾਲ ਤਕਨੀਕੀ ਤੇ ਇਲੈਕਟ੍ਰੋਨਿਕ ਚੀਜ਼ਾਂ ਦੇ ਆਉਣ ਨਾਲ ਘਰਾਂ ਤੇ ਬਾਹਰ ਦਾ ਬਹੁਤ ਕੁਝ ਬਦਲ ਗਿਆ ਹੈ। ਪਹਿਲਾਂ ਸਾਂਝੇ ਘਰ ਹੁੰਦੇ ਸਨ ਤੇ ਅੱਜਕੱਲ੍ਹ ਬਹੁਤੇ ਜਵਾਨ ਮੁੰਡੇ-ਕੁੜੀਆਂ ਬਾਹਰਲੇ ਦੇਸਾਂ ਨੂੰ ਚਲੇ ਗਏ ਹਨ ਤੇ ਵੱਖ-ਵੱਖ ਰਹਿੰਦੇ ਹਨ, ਪਰ ਜੋ ਵੀ ਹੋਵੇ, ਸਾਉਣ ਮਹੀਨਾ ਸਭ ਲਈ ਪਿਆਰਾ ਤੇ ਮਨਮੋਹਕ ਹੁੰਦਾ ਹੈ। ਇਸ ਖੁਸ਼ੀ ਮੌਕੇ ਮਿੱਠੀ ਚੀਜ਼ ਖਾਣ ਤੇ ਵੰਡਣ ਨੂੰ ਹਰੇਕ ਘਰ ਵਿੱਚ ਖੀਰਾਂ-ਪੂੜੇ ਬਣਦੇ ਹਨ ਤੇ ਸਵਾਦਾਂ ਨਾਲ ਮਿਲ ਕੇ ਖਾਧੇ ਜਾਂਦੇ ਹਨ। ਮੀਂਹ ਕੁਦਰਤੀ ਤੋਹਫਾ, ਵਰਦਾਨ ਤੇ ਜੀਵਨ ਦਾਨ ਹੈ। ਜਿੱਥੇ ਇਹ ਖੁਸ਼ੀਆਂ ਹੁਲਾਰੇ ਲਿਆਉਂਦਾ ਹੈ, ਉਥੇ ਮੀਂਹ ਦੇ ਪਾਣੀ ਨੂੰ ਸੰਭਾਲਣਾ ਵੀ ਸਾਡਾ ਸਭ ਦਾ ਫਰਜ਼ ਹੈ। ਸਾਫ ਪਾਣੀ ਐਵੇਂ ਚਿੱਕੜਾਂ ਨਾਲ ਰਲ ਕੇ ਸੀਵਰੇਜ ਵਿੱਚ ਹੀ ਨਾ ਚਲਾ ਜਾਵੇ, ਕਿਉਂਕਿ ਜ਼ਮੀਨ ਹੇਠਲਾ ਸਾਫ ਪਾਣੀ ਘਟ ਰਿਹਾ ਹੈ। ਘਰਾਂ ਜਾਂ ਉੱਚੀਆਂ ਇਮਾਰਤਾਂ ਹੇਠ ਛੋਟੇ ਹੌਜ਼ ਬਣਾ ਕੇ ਛੱਤਾਂ ਤੇ ਪਰਨਾਲਿਆਂ ਰਾਹੀਂ ਅਜਾਈਂ ਜਾਂਦੇ ਪਾਣੀ ਨੂੰ ਬੂਟਿਆਂ, ਥੜ੍ਹੇ ਦੀ ਸਫਾਈ ਤੇ ਟਾਇਲੇਟ ਲਈ ਵਰਤਿਆ ਜਾ ਸਕਦਾ ਹੈ।

# ਕੈਦੀ

-ਕਮਲਜੀਤ ਸਿੰਘ ਬਨਵੈਤ

ਪਿੰਡੋਂ ਸਰਪੰਚ ਦਾ ਫੋਨ ਹੈ, ''ਲੈ ਬਈ, ਸੰਤਾਲੀ ਦੇ ਰੌਲਿਆਂ ਦੀ ਆਪਣੇ ਪਿੰਡ ਨਾਲ ਜੁੜੀ ਆਖਰੀ ਨਿਸ਼ਾਨੀ ਵੀ ਗਈ। ਕੈਦੀ ਕਰਤਾਰ ਸਿੰਘ ਦੇ ਕਾਰੀ ਨੂੰ ਤੋਰ ਆਏ ਆਂ।'' ਰੌਲਿਆਂ ਵੇਲੇ ਇਧਰ ਰਹੇ ਬਾਕੀ ਦੇ ਸਾਰੇ ਬੰਦੇ ਇੱਕ ਇੱਕ ਕਰ ਕੇ ਚਲੇ ਗਏ ਸਨ।

ਕਰਤਾਰ ਸਿੰਘ ਦਾ ਕਾਰੀ ਰੌਲਿਆਂ ਦੀ ਆਖਰੀ ਨਿਸ਼ਾਨੀ ਤਾਂ ਹੈ ਸੀ, ਜੋ ਅਦਲਾ-ਬਦਲੀ ਦੌਰਾਨ ਉਸ ਦੇ ਇਧਰ ਰਹਿ ਜਾਣ ਦੀ ਗੱਲ ਚੇਤੇ ਕਰੀਏ ਤਾਂ ਕਦੇ ਕਦੇ ਆਪਣੇ ਪੁਰਖਿਆਂ ਦੇ ਮੂੰਹੋਂ ਸੁਣੀ ਗੱਲ ਦਾ ਯਕੀਨ ਨਹੀਂ ਆਉਂਦਾ। ਕਾਰੀ ਮੁਸਲਮਾਨ ਰੰਘੜ ਦਾ ਪੁੱਤਰ ਸੀ। ਜਦੋਂ ਰੌਲੇ ਪਏ ਤਾਂ ਸਭ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਪੈਸਾ ਧੇਲਾ ਛੱਡੋ, ਮਾਵਾਂ ਤੋਂ ਪੁੱਤ ਨਹੀਂ ਸੰਭਾਲੇ ਗਏ। ਇੱਜ਼ਤ ਲੁੱਟ ਹੋਣ ਤੋਂ ਡਰਦਿਆਂ ਕਈ ਮੁਟਿਆਰਾਂ ਨੇ ਜਾਨ ਦੇ ਦਿੱਤੀ। ਮਾਪਿਆਂ ਵੱਲੋਂ ਲੜਕੀਆਂ ਨੂੰ ਹੱਥੀਂ ਮਾਰਨ ਦੀ ਟਾਵੀਂ ਟਾਵੀਂ ਘਟਨਾ ਵੀ ਸੁਣੀ ਸੀ।

ਵਡੇਰੇ ਦੱਸਦੇ ਹਨ ਕਿ ਇੱਕ ਮੁਸਲਮਾਨ ਪਰਵਾਰ ਆਪਣੇ ਰਿਸ਼ਤੇਦਾਰਾਂ ਸਮੇਤ ਜਦੋਂ ਔੜ-ਉੜਾਪੜ ਛੱਡ ਕੇ ਪਾਕਿਸਤਾਨ ਭੱਜਣ ਲੱਗਾ ਤਾਂ ਪੁੱਤਰ ਕਾਰੀ ਨੂੰ ਉਹਨੂੰ ਭਾਰ ਲੱਗਾ। ਆਪਣੀਆਂ ਅੱਖਾਂ ਸਾਹਮਣੇ ਬੱਚੇ ਦੇ ਕਤਲ ਹੋਣ ਦੀ ਕਲਪਨਾ ਨਾਲ ਉਹ ਕੰਬ ਉਠਿਆ ਤੇ ਉਹਨੇ ਪਿੰਡ ਦੇ ਲਹਿੰਦੇ ਪਾਸੇ ਵਗਦੀ ਨਹਿਰ ਵਿੱਚ ਵਗਾਹ ਮਾਰਿਆ। ਪਾਣੀ ਨੇ ਉਸੇ ਰਫਤਾਰ ਨਾਲ ਕਾਰੀ ਮੋੜ ਦਿੱਤਾ। ਦੋ ਵਾਰ ਇੰਝ ਹੋਇਆ। ਤੀਜੀ ਵਾਰ ਪਾਣੀ ਨੇ ਨਹਿਰ ਵਿੱਚੋਂ ਚੁੱਕ ਕੇ ਬਾਹਰ ਮਾਰਿਆ ਤਾਂ ਮੁਸਲਮਾਨਾਂ ਨੂੰ ਪਿੰਡ ਦੀ ਹੱਦ ਪਾਰ ਕਰਾਉਣ ਜਾਂਦਾ ਕਰਤਾਰ ਸਿੰਘ ਉਹਨੂੰ ਚੁੱਕ ਲਿਆਇਆ। ਕਰਤਾਰ ਸਿੰਘ ਨੇ ਕਾਰੀ ਨੂੰ ਆਪਣੇ ਕੋਲ ਰੱਖ ਕੇ ਪੁੱਤਰਾਂ ਵਾਂਗ ਪਾਲਿਆ। ਉਨ੍ਹੀਂ ਦਿਨੀਂ ਸਾਡੇ ਪਿੰਡਾਂ ਵਿੱਚ ਮੂਸੇ ਰੰਘੜ ਦਾ ਬੜਾ ਖੌਫ ਸੀ। ਇੱਕ ਦਿਨ ਸ਼ਾਮ ਢਲੇ ਦੀ ਗੱਲ ਹੈ। ਪਿੰਡੇ ਦੇ ਖੱਬੇ ਪਾਸੇ ਪੈਂਦੇ ਮੰਡ ਵੱਲ ਦਰਿਆ ਨੇੜੇ ਲਾ ਲਾ ਲਾ ਹੋ ਗਈ। ਰੌਲੀ ਪੈ ਗਈ, ਬਈ ਕਰਤਾਰ ਸਿੰਘ ਨੇ ਤਲਵਾਰ ਨਾਲ ਮੂਸਾ ਰੰਘੜ ਵੱਢ ਦਿੱਤਾ ਹੈ। ਵਾਰਦਾਤ ਮਗਰੋਂ ਤੂਫਾਨ ਜਿਹਾ ਉਠ ਪਿਆ। ਕਰਤਾਰ ਸਿੰਘ ਮੂਸੇ ਦੀ ਘਰ ਵਾਲੀ ਨੂੰ ਨਾਲ ਲੈ ਕੇ ਪਹਿਲਾਂ ਉਰੇ ਪਰੇ ਰਿਹਾ, ਫਿਰ ਮਹੀਨਾ ਭਰ ਬਚਦਾ-ਬਚਾਉਂਦਾ ਆਪੇ ਥਾਣੇ ਜਾ ਪੇਸ਼ ਹੋਇਆ। ਉਹਨੇ ਮੂਸੇ ਦੀ ਘਰਵਾਲੀ ਕਮਲਾ ਉੱਤੇ ਚਾਦਰ ਪਾ ਲਈ। ਮੂਸੇ ਵਾਲੇ ਕੇਸ ਵਿੱਚ ਉਹਨੂੰ ਉਮਰ ਕੈਦ ਹੋ ਗਈ। ਉਂਝ ਉਸ ਦੇ ਜੇਲ੍ਹ ਜਾਣ ਪਿੱਛੋਂ ਕਮਲਾ ਨੇ ਕਾਰੀ ਨੂੰ ਰੀਝ ਨਾਲ ਪਾਲਿਆ। ਕਰਤਾਰ ਸਿੰਘ ਦੇ ਕਾਰੇ ਦਾ ਉਸ ਉਤੇ ਪਰਛਵਾਂ ਨਾ ਪੈਣ ਦਿੱਤਾ। ਪਿੰਡ ਵਾਲਿਆਂ ਨੇ ਵੀ ਜਿਵੇਂ ਅੱਜ ਤੱਕ ਜੀਭ ਨੂੰ ਤਾਲਾ ਲਾਈ ਰੱਖਿਆ ਸੀ, ਪਰ ਉਮਰ ਭਰ ਦੀ ਸਜ਼ਾ ਸੁਣਾਏ ਜਾਣ ਪਿੱਛੋਂ ਉਹਦਾ ਨਾਂਅ ਕੈਦੀ ਕਰਤਾਰ ਸਿੰਘ ਪੈ ਗਿਆ ਸੀ। ਫਿਰ ਸੁਣਨ ਨੂੰ ਮਿਲਿਆ ਕਿ ਚੰਗੇ ਚਰਿੱਤਰ ਕਾਰਨ ਉਹਦੀ ਸਜ਼ਾ ਮੁਆਫ ਹੋ ਗਈ ਹੈ।

ਕਰਤਾਰ ਸਿੰਘ ਨੇ ਜੇਲ੍ਹ ਤੋਂ ਆ ਕੇ ਬੰਜਰ ਪਈ ਜ਼ਮੀਨ ਆਬਾਦ ਕੀਤੀ। ਕਾਰੀ ਵੀ ਬਾਪ ਦਾ ਹੱਥ ਵਟਾਉਣ ਲੱਗਾ। ਪਿੰਡ ਵਿੱਚ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਪਿੱਤਲ ਲੱਗੇ ਜਾਤੂਆਂ ਵਾਲਾ ਗੱਡਾ ਲਿਆ ਸੀ, ਕਰਤਾਰ ਸਿੰਘ ਦਾ ਨਾਂਅ ਉਨ੍ਹਾਂ ਵਿੱਚ ਆਉਂਦਾ ਹੈ। ਫਿਰ ਉਹਨੇ ਰੇਹੜੀ ਲੈਣ ਤੋਂ ਪਹਿਲਾਂ ਉੱਚੀਆਂ ਢੁੱਡਾਂ ਵਾਲੇ ਬਲਦ ਵੀ ਲਏ। ਚਾਚੇ ਗਿਆਨੀ ਜਗਤਾਰ ਸਿੰਘ ਦੀ ਬਰਾਤ ਅਸੀਂ ਕਰਤਾਰ ਸਿੰਘ ਦੀ ਰੇਹੜੀ ਉੱਤੇ ਲੈ ਗਏ ਸੀ। ਬਲਦਾਂ ਦੇ ਸਿੰਙਾਂ ਨੂੰ ਨਾਭੀ ਪੱਗਾਂ ਬੰਨ੍ਹੀਆਂ ਹੋਈਆਂ ਸਨ ਅਤੇ ਤੇਲ ਲਾਏ ਕਾਲੇ ਸਿੰਙ ਦੂਰੋਂ ਲਸ਼ਕਾਂ ਮਾਰਦੇ ਸਨ।

ਪੜ੍ਹ-ਪੜ੍ਹਾ ਕੇ ਅਸੀਂ ਦੋ ਦਹਾਕੇ ਪਹਿਲਾਂ ਪਿੰਡ ਛੱਡ ਕੇ ਚੰਡੀਗੜ੍ਹ ਆਣ ਵਸੇ। ਮਾਂ-ਬਾਪ ਦੇ ਤੁਰ ਜਾਣ ਤੋਂ ਬਾਅਦ ਪਿੰਡ ਨਾਲ ਬਹੁਤਾ ਵਾਸਤਾ ਨਾ ਰਿਹਾ, ਪਰ ਤਾਏ ਦਾ ਮੁੰਡਾ ਸਰਪੰਚ ਹੈ। ਉਹ ਕਿਸੇ ਨਾ ਕਿਸੇ ਸਮਾਗਮ ਉੱਤੇ ਸੱਦੀ ਰੱਖਦਾ ਹੈ। ਉਹਨੇ ਮੈਨੂੰ ਪਿੰਡ ਦੀ ਭਲਾਈ ਲਈ ਬਣਾਈ ਸਲਾਹਕਾਰ ਕਮੇਟੀ ਦਾ ਸਰਪ੍ਰਸਤ ਬਣਾਇਆ ਹੋਇਆ ਹੈ। ਉਸ ਤੋਂ ਜਦੋਂ ਵੀ ਪਿੰਡ ਦੀ ਖਬਰ ਸਾਰ ਪੁੱਛੀਦੀ ਹੈ ਤਾਂ ਕਰਤਾਰ ਸਿੰਘ ਤੇ ਕਾਰੀ ਬਾਰੇ ਜ਼ਰੂਰ ਪੁੱਛ ਲਈਦਾ ਹੈ। ਜਦੋਂ ਉਹਦਾ ਫੋਨ ਆਇਆ ਤਾਂ ਉਹਨੇ ਗੱਲ ਇੱਥੋਂ ਸ਼ੁਰੂ ਕੀਤੀ, ''ਚਾਚਾ ਮੈਂ ਭੁੱਲ ਗਿਆ, ਕੈਦੀ ਕਰਤਾਰ ਸਿੰਘ ਪਰਸੋਂ ਪੂਰਾ ਹੋ ਗਿਆ ਸੀ। ਅੱਜ ਕਾਰੀ ਚਲੇ ਗਿਆ।'' ਮੈਨੂੰ ਥੋੜ੍ਹਾ ਝਟਕਾ ਲੱਗਾ ਕਿ ਮੈਨੂੰ ਉਸ ਦਿਨ ਕਿਉਂ ਨਾ ਦੱਸਿਆ। ਕਰਤਾਰ ਸਿੰਘ ਮੈਨੂੰ ਹਮੇਸ਼ਾ ਸਾਰੇ ਪਿੰਡ ਵਾਲਿਆਂ ਤੋਂ ਵੱਖਰਾ ਲੱਗਦਾ ਸੀ। ਇੱਕ ਪਾਸੇ ਇੰਨਾ ਨਰਮ ਕਿ ਰੌਲਿਆਂ ਵੇਲੇ ਭੱਜੇ ਜਾਂਦੇ ਮੁਸਲਮਾਨਾਂ ਦਾ ਸੁੱਟਿਆ ਬੱਚਾ ਚੁੱਕ ਕੇ ਹਿੱਕ ਨਾਲ ਲਾ ਲਿਆ, ਦੂਜੇ ਬੰਨ੍ਹੇ ਕਿਸੇ ਦੀ ਟੈਂਅ ਨਾ ਮੰਨਣ ਵਾਲੇ ਮੂਸੇ ਦੇ ਟੋਟੇ ਕਰਨ ਤੋਂ ਬਾਅਦ ਪੁਲਸ ਅੱਗੇ ਜਾ ਖੜ੍ਹਿਆ। ਮੈਂ ਸਰਪੰਚ ਕੋਲ ਅਜੇ ਮਨ ਦੀ ਗੱਲ ਕਰਨ ਲੱਗਾ ਸੀ ਕਿ ਉਹਨੇ ਪੂਰੀ ਗੱਲ ਦੱਸ ਦਿੱਤੀ, 'ਦੋਵਾਂ ਦੀ ਇੱਛਾ ਸੀ ਕਿ ਪਿਓ-ਪੁੱਤਰ ਨੂੰ ਇੱਕੋ ਥਾਂ ਦਫਨਾਇਆ/ ਸਸਕਾਰ ਕੀਤਾ ਜਾਵੇ। ਪਿੰਡ ਵਾਲਿਆਂ ਨੇ ਸ਼ਮਸ਼ਾਨਘਾਟ ਦੇ ਇੱਕ ਪਾਸੇ ਜਿੱਥੇ ਕੈਦੀ ਕਰਤਾਰ ਸਿੰਘ ਦਾ ਸਸਕਾਰ ਕੀਤਾ ਸੀ, ਉਥੇ ਅੱਜ ਕਾਰੀ ਨੂੰ ਦਫਨਾ ਦਿੱਤਾ।'

''ਓ ਭਾਈ ਮੈਨੂੰ ਤਾਂ ਬੁਲਾ ਲੈਂਦੇ, ਉਂਝ ਗੱਲ ਗੱਲ ਲਈ ਚੰਡੀਗੜ੍ਹ ਵਾਲੇ ਚਾਚੇ ਨੂੰ ਫੋਨ ਖੜਕਾਉਂਦੇ ਰਹਿੰਦੇ ਹੋ।'' ਮੈਥੋਂ ਰਿਹਾ ਨਾ ਗਿਆ।

''ਤੁਸੀਂ ਆ ਜਾਇਓ ਸ਼ਨੀਵਾਰ ਸ਼ਾਮ ਨੂੰ। ਐਤਵਾਰ ਦਾ ਭੋਗ ਹੈ। ਉਸ ਤੋਂ ਪਹਿਲਾਂ ਸਲਾਹ ਵੀ ਕਰਨੀ, ਦੋਵਾਂ ਦੀ ਯਾਦਗਾਰ ਬਾਰੇ। ਨਾਲੇ ਚਾਚੀ ਕਮਲਾ ਕਹਿ ਰਹੀ ਸੀ ਕਿ ਇੰਨੇ ਸਿਆੜ, ਮਾਲ-ਡੰਗਰ ਮੈਂ ਕੀ ਕਰਨੇ। ਮੇਰੇ ਮਗਰਲੇ ਦਿਨਾਂ ਜੋਗੇ ਰੱਖ ਕੇ ਬਾਕੀ ਸਾਰੇ ਸਾਂਝੇ ਕੰਮ ਉੱਤੇ ਲਾ ਦਿਓ ਜਿਹਦੇ ਨਾਲ ਦੋਹੀਂ ਪਾਸੀਂ (ਲਹਿੰਦਾ ਚੜ੍ਹਦਾ ਪੰਜਾਬ) ਭਰਾ-ਭਰਾ ਦੇ ਖੂਨ ਦੇ ਰਿਸ਼ਤੇ ਦਾ ਸੁਨੇਹਾ ਜਾਂਦਾ ਰਹੇ।'' ਮੈਥੋਂ ਇੰਨਾ ਹੀ ਕਿਹਾ ਗਿਆ, ''ਤੂੰ ਫੋਨ ਰੱਖ, ਮੈਂ ਸ਼ੁੱਕਰਵਾਰ ਨੂੰ ਆਇਆ।''

## ਹਲਕਾ ਫੁਲਕਾ

ਲੇਜ਼ੀ ਬੁਆਏ, ''ਪਾਪਾ ਇੱਕ ਗਲਾਸ ਪਾਣੀ ਦੇਣਾ।''<br>
ਪਾਪਾ, ''ਖੁਦ ਉਠ ਕੇ ਪੀ ਲੈ...।''<br>
ਬੁਆਏ, ''ਪਲੀਜ਼, ਦੇ ਦੋ ਨਾ...''<br>
ਪਾਪਾ, ''ਜੇ ਦੋਬਾਰਾ ਪਾਣੀ ਮੰਗਿਆ ਤਾਂ ਥੱਪੜ ਮਾਰਾਂਗਾ।''<br>
ਬੁਆਏ, ''ਥੱਪੜ ਮਾਰਨ ਆਓ ਤਾਂ ਪਾਣੀ ਲੈਂਦੇ ਆਇਓ...।''

********

ਸਿਪਾਹੀ, ''ਚੱਲ ਮੇਰੇ ਭਰਾ, ਤੇਰੀ ਫਾਂਸੀ ਦਾ ਸਮਾਂ ਹੋ ਗਿਆ ਹੈ।''<br>
ਕੈਦੀ, ''ਮੈਨੂੰ ਤਾਂ ਫਾਂਸੀ ਵੀਹ ਦਿਨ ਬਾਅਦ ਹੋਣ ਵਾਲੀ ਸੀ।''<br>
ਸਿਪਾਹੀ, ''ਜੇਲ੍ਹਰ ਸਾਹਿਬ ਕਹਿ ਕੇ ਗਏ ਹਨ ਕਿ ਤੂੰ ਉਨ੍ਹਾਂ ਦੇ ਪਿੰਡ ਦਾ ਹੈਂ, ਇਸ ਲਈ ਤੇਰਾ ਕੰਮ ਹੋਰ ਦੋਸ਼ੀਆਂ ਤੋਂ ਪਹਿਲਾਂ...।''





## ਸਨੈਚਿੰਗ ਦੀ ਸ਼ਿਕਾਰ ਔਰਤ ਨੇ ਇੱਕ ਹਫਤੇ ਬਾਅਦ ਸਨੈਚਰ ਨੂੰ ਫੜ ਕੇ ਪੁਲਸ ਦੇ ਹਵਾਲੇ ਕੀਤਾ

ਜਲੰਧਰ, 8 ਅਗਸਤ (ਪੋਸਟ ਬਿਊਰੋ)- ਸ਼ਹਿਰ ਵਿੱਚ ਸਨੈਚਿੰਗ ਦੀਆਂ ਵਾਰਦਾਤਾਂ ਲਗਾਤਾਰ ਵਧ ਰਹੀਆਂ ਹਨ ਤੇ ਇਨ੍ਹਾਂ ਉੱਤੇ ਨਕੇਲ ਪਾਉਣ ਲਈ ਜਲੰਧਰ ਕਮਿਸ਼ਨਰੇਟ ਪੁਲਸ ਵੱਲੋਂ ਲਗਾਤਾਰ ਸੁਰੱਖਿਆ ਪ੍ਰਬੰਧ ਕੀਤੇ ਜਾ ਰਹੇ ਹਨ, ਪਰ ਲੋਕ ਵੀ ਜਾਗਰੂਕ ਹੋ ਗਏ ਹਨ ਅਤੇ ਪੀੜਤ ਵਿਅਕਤੀ ਖੁਦ ਸਨੈਚਰਾਂ ਉੱਤੇ ਨਜ਼ਰ ਰੱਖ ਰਹੇ ਹਨ।

ਅਜਿਹੀ ਹੀ ਇੱਕ ਸਨੈਚਿੰਗ ਦੀ ਪੀੜਤ ਔਰਤ ਨੇ ਸੱਤ ਦਿਨਾਂ ਦੇ ਬਾਅਦ ਸਨੈਚਰਾਂ ਨੂੰ ਇਲਾਕੇ ਵਿੱਚ ਘੁੰਮਦੇ ਹੋਏ ਪਛਾਣ ਲਿਆ ਅਤੇ ਉਨ੍ਹਾਂ ਵਿੱਚੋਂ ਇੱਕ ਨੂੰ ਕਾਬੂ ਕਰ ਕੇ ਥਾਣਾ ਤਿੰਨ ਦੀ ਪੁਲਸ ਹਵਾਲੇ ਕਰ ਦਿੱਤਾ, ਜਦ ਕਿ ਦੂਸਰਾ ਸਾਥੀ ਫਰਾਰ ਹੋ ਗਿਆ। ਇਸ ਬਾਰੇ ਥਾਣਾ ਤਿੰਨ ਦੇ ਮੁਖੀ ਮੁਕੇਸ਼ ਕੁਮਾਰ ਨੇ ਦੱਸਿਆ ਕਿ ਸ਼ਾਰਦਾ ਦੇਵੀ ਪਤਨੀ ਰਾਜ ਕੁਮਾਰ ਵਾਸੀ ਲਛਮੀਪੁਰਾ ਕੋਲੋਂ 31 ਜੁਲਾਈ ਨੂੰ ਦੁਪਹਿਰੇ ਇੱਕ ਵਜੇ ਬਾਈਕ ਸਵਾਰ ਦੋ ਨੌਜਵਾਨ ਮੋਬਾਈਲ ਝਪਟ ਕੇ ਫਰਾਰ ਹੋ ਗਏ ਸਨ,ਉਸ ਤੋਂ ਬਾਅਦ ਜਦ ਕੱਲ੍ਹਉਹ ਬਾਜ਼ਾਰ ਤੋਂ ਸਾਮਾਨ ਖਰੀਦਣ ਦੇ ਲਈ ਸ਼ਾਮ ਛੇ ਵਜੇ ਦੇ ਕਰੀਬ ਆਪਣੇ ਪਤੀ ਰਾਜ ਕੁਮਾਰ ਅਤੇ ਦਿਓਰ ਸ਼ਿਵ ਲਾਲ ਨਾਲ ਅੱਡਾ ਹੁਸ਼ਿਆਰਪੁਰ ਵੱਲ ਜਾ ਰਹੀ ਸੀ ਤਾਂ ਉਸ ਨੇ ਦੋ ਨੌਜਵਾਨਾਂ ਨੂੰ ਅੱਡਾ ਹੁਸ਼ਿਆਰਪੁਰ ਨੇੜੇ ਖੜ੍ਹੇ ਦੇਖਿਆ। ਇਸ ਬਾਰੇ ਉਸ ਨੇ ਆਪਣੇ ਪਤੀ ਅਤੇ ਦਿਓਰ ਨੂੰ ਦੱਸਿਆ। ਜਦ ਉਸ ਦਾ ਪਤੀ ਅਤੇ ਦਿਓਰ ਉਨ੍ਹਾਂ ਨੌਜਵਾਨਾਂ ਨੂੰ ਫੜਨ ਲਈ ਅੱਗੇ ਵਧੇ ਤਾਂ ਇੱਕ ਨੌਜਵਾਨ ਭੱਜ ਗਿਆ, ਪਰ ਦੂਸਰੇ ਨੂੰ ਦੋਵਾਂ ਨੇ ਕਾਬੂ ਕਰ ਕੇ ਥਾਣਾ ਨੰਬਰ ਤਿੰਨ ਦੀ ਪੁਲਸ ਨੂੰ ਸੂਚਨਾ ਦਿੱਤੀ। ਮੌਕੇ ਉੱਤੇ ਪਹੁੰਚੇ ਏ ਐਸ ਆਈ ਹਰਦਿਆਲ ਸਿੰਘ ਨੇ ਉਸ ਨੌਜਵਾਨ, ਜਿਸ ਦੀ ਪਛਾਣ ਵਿਸ਼ਾਲ ਵਾਸੀ ਸੰਤੋਸ਼ੀ ਨਗਰ ਵਜੋਂ ਹੋਈ ਹੈ, ਨੂੰ ਕਾਬੂ ਕਰ ਕੇ ਉਸ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਥਾਣਾ ਮੁਖੀ ਨੇ ਦੱਸਿਆ ਕਿ ਫੜੇ ਗਏ ਨੌਜਵਾਨ ਦਾ ਅਦਾਲਤ ਤੋਂ ਪੁਲਸ ਰਿਮਾਂਡ ਲੈ ਕੇ ਉਸ ਦੇ ਦੂਸਰੇ ਸਾਥੀ ਦੇ ਬਾਰੇ ਵਿੱਚ ਪਤਾ ਲਗਾਇਆ ਜਾਏਗਾ ਅਤੇ ਉਸ ਨੂੰ ਵੀ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਏਗਾ।



# ਅਕਾਲੀ ਆਗੂ ਵਿੱਕੀ ਮਿੱਡੂਖੇੜਾ ਨੂੰ ਦਿਨ ਦੀਵੀਂ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ

ਮੋਹਾਲੀ, 8 ਅਗਸਤ (ਪੋਸਟ ਬਿਊਰੋ)- ਕੱਲ੍ਹ ਮੋਹਾਲੀ ਦੇ ਸੈਕਟਰ 71 ਵਿਖੇ ਯੂਥ ਅਕਾਲੀ ਨੇਤਾ ਵਿਕਰਮਜੀਤ ਸਿੰਘ ਮਿੱਡੂਖੇੜਾ ਦਾ ਨਕਾਬਪੋਸ਼ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ।

ਮਿਲੀ ਜਾਣਕਾਰੀ ਅਨੁਸਾਰ ਵਿੱਕੀ ਮਿੱਡੂਖੇੜਾ ਸੈਕਟਰ 71 ਵਿੱਚ ਹੀ ਇੱਕ ਪ੍ਰਾਪਰਟੀ ਡੀਲਰ ਦੀ ਦੁਕਾਨ ਤੋਂ ਜਦੋਂ ਆਪਣੀ ਪਾਰਕਿੰਗ ਵਿੱਚ ਖੜ੍ਹੀ ਫਾਰਚੂਨਰ ਗੱਡੀ ਵਿੱਚ ਬੈਠਣ ਲੱਗਾ ਤਾਂ ਉਸੇ ਵੇਲੇ ਨਕਾਬਪੋਸ਼ ਹਮਲਾਵਰਾਂ ਨੇ ਉਸ ਉੱਤੇ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ। ਇਸ ਦੌਰਾਨ ਵਿੱਕੀ ਮਿੱਡੂ ਖੇੜਾ ਆਪਣੀ ਜਾਨ ਬਚਾਉਣ ਲਈ ਉਥੋਂ ਭੱਜ ਨਿਕਲਿਆ, ਪਰ ਹਮਲਾਵਰਾਂ ਨੇ ਪਿੱਛਾ ਕਰਦਿਆਂ ਮਾਰਕੀਟ ਦੇ ਨਜ਼ਦੀਕ ਹੀ ਪਾਰਕ ਵੱਲ ਨੂੰ ਗਏ ਵਿੱਕੀ ਉੱਤੇਹਮਲਾ ਕਰ ਦਿੱਤਾ ਤੇ ਵਾਰਦਾਤ ਤੋਂ ਬਾਅਦ ਕਾਰ ਵਿੱਚ ਬੈਠ ਕੇ ਫਰਾਰ ਹੋ ਗਏ। ਮੌਕੇ ਉੱਤੇ ਪੁੱਜੇ ਐਸ ਐਚ ਓ ਮਟੌਰ ਇੰਸਪੈਕਟਰ ਮਨਫੂਲ ਸਿੰਘ ਨੇ ਲੋਕਾਂ ਦੀ ਮਦਦ ਨਾਲ ਪੀ ਸੀ ਆਰ ਵੈਨ ਵਿੱਚ ਵਿੱਕੀ ਮਿੱਡੂਖੇੜਾ ਨੂੰ ਇੱਕ ਨਿੱਜੀ ਹਸਪਤਾਲ ਪਹੁੰਚਾਇਆ, ਜਿੱਥੇ ਉਸ ਦੀ ਮੌਤ ਹੋ ਗਈ। ਇਹ ਸਾਰੀ ਵਾਰਦਾਤ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹੋ ਗਈ। ਦੱਸਿਆ ਗਿਆ ਹੈ ਮਿੱਡੂਖੇੜਾ ਕਿਸੇ ਜਾਇਦਾਦ ਦੇ ਸੌਦੇ ਬਾਰੇ ਗੱਲ ਕਰਨ ਲਈ ਪ੍ਰਾਪਰਟੀ ਡੀਲਰ ਦੇ ਦਫਤਰ ਵਿੱਚ ਆਇਆ ਸੀ ਤੇ ਸਵੇਰੇ 11 ਵਜੇ ਦੇ ਕਰੀਬ ਜਦੋਂ ਉਹ ਬਾਹਰ ਨਿਕਲਿਆ ਤਾਂ ਉਸ ਦੀ ਉਡੀਕ ਕਰਦੇ ਹਮਲਾਵਰਾਂ ਨੇ ਉਸ ਉੱਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਇਹ ਵੇਖ ਕੇ ਵਿੱਕੀ ਕਾਰ ਤੋਂ ਉਤਰ ਕੇ ਭੱਜਿਆ ਅਤੇ ਭੱਜਣ ਵੇਲੇ ਉਸ ਦੇ ਹੱਥ ਵਿੱਚ ਫੜੀ 2000 ਰੁਪਏ ਦੇ ਨੋਟਾਂ ਵਾਲੀ ਗੱਠੀ ਵੀ ਉਥੇ ਡਿੱਗ ਪਈ। ਪੂਰੀ ਘਟਨਾ ਪ੍ਰਾਪਰਟੀ ਡੀਲਰ ਦੇ ਦਫਤਰ ਦੇ ਬਾਹਰ ਲੱਗੇ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹੋ ਗਈ। ਵਾਰਦਾਤ ਦੀ ਜਾਣਕਾਰੀ ਮਿਲਣ ਉੱਤੇ ਮੋਹਾਲੀ ਦੇ ਐਸ ਐਸ ਪੀ ਸਤਿੰਦਰ ਸਿੰਘ ਅਤੇ ਹੋਰ ਅਧਿਕਾਰੀ ਮੌਕੇ ਉੱਤੇ ਪਹੁੰਚੇ। ਉਨ੍ਹਾਂ ਦੱਸਿਆ ਕਿ ਮਿਲੀ ਸੂਚਨਾ ਅਨੁਸਾਰ ਇਹ ਵਾਰਦਾਤ ਚਾਰ ਵਿਅਕਤੀਆਂ ਨੇਕੀਤੀ ਹੈ, ਜਿਨ੍ਹਾਂ ਵਿੱਚੋਂ ਦੋ ਜਣਿਆਂ ਨੇ ਮਿੱਡੂਖੇੜਾ ਉੱਤੇ ਫਾਇਰਿੰਗ ਕੀਤੀ ਤੇ ਦੋ ਜਣੇ ਗੱਡੀ ਵਿੱਚ ਹੀ ਸਨ। ਮਿੱਡੂਖੇੜਾ ਨੂੰ ਸੱਤ-ਅੱਠ ਗੋਲੀਆਂ ਲੱਗੀਆਂ ਅਤੇ ਉਸ ਦੀ ਮੌਤ ਹੋ ਗਈ ਹੈ।

ਇਸ ਦੌਰਾਨ ਦਵਿੰਦਰ ਬੰਬੀਹਾ ਗਰੁੱਪ ਨੇ ਫੇਸਬੁੱਕ ਉੱਤੇ ਇੱਕ ਪੋਸਟ ਪਾ ਕੇ ਵਿੱਕੀ ਮਿੱਡੂਖੇੜਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਐਸ ਐਸ ਪੀ ਮੋਹਾਲੀ ਸਤਿੰਦਰ ਸਿੰਘ ਨੇ ਦੱਸਿਆ ਕਿ ਮਟੌਰ ਪੁਲਸ ਨੇ ਵਿੱਕੀ ਦੇ ਭਰਾ ਅਜੈਪਾਲ ਮਿੱਡੂਖੇੜਾ ਦੇ ਬਿਆਨਾਂ ਉੱਤੇ ਅਣਪਛਾਤੇ ਹਮਲਾਵਰਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।



## ਪੰਜਾਬ ਪਲਾਨਿੰਗ ਬੋਰਡ ਦੀ ਉੱਪ ਚੇਅਰਪਰਸਨ ਰਾਜਿੰਦਰ ਕੌਰ ਭੱਠਲ ਦਾ ਕਾਰਜਕਾਲ ਤਿੰਨ ਸਾਲ ਵਧਿਆ

ਚੰਡੀਗੜ੍ਹ, 8 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇੱਕ ਵਾਰ ਫਿਰ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨਾਲ ਲਿਹਾਜਦਾਰੀ ਵਰਤੀ ਅਤੇ ਪੰਜਾਬ ਪਲਾਨਿੰਗ ਬੋਰਡ ਦੀ ਵਾਈਸ ਚੇਅਰਪਰਸਨ ਵਜੋਂ ਉਨ੍ਹਾਂ ਦਾਕਾਰ-ਜਕਾਲ ਅਗਲੇ ਤਿੰਨ ਸਾਲ ਲਈ ਵਧਾ ਦਿੱਤਾ ਹੈ।

ਵਰਣਨ ਯੋਗ ਹੈ ਕਿ ਰਾਜਿੰਦਰ ਕੌਰ ਭੱਠਲ ਦਾ ਕਾਰ-ਜਕਾਲ ਬੀਤੇ ਜੁਲਾਈ ਵਿੱਚ ਖਤਮ ਹੋ ਗਿਆ ਸੀ ਅਤੇਇਸ ਕਾਰਨ ਉਨ੍ਹਾਂ ਦੀ ਸਰਕਾਰੀ ਕੋਠੀ ਖੁੱਸਣ ਦਾ ਖਤਰਾ ਬਣ ਗਿਆ ਸੀ। ਪੰਜਾਬ ਸਰਕਾਰ ਦੇ ਤਾਜ਼ਾ ਫੈਸਲੇ ਨੂੰ ਕਾਂਗਰਸ ਦੇ ਅੰਦਰੂਨੀ ਕਲੇਸ਼ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਪ੍ਰਿੰਸੀਪਲਸੈਕਟਰੀ ਪਲਾਨਿੰਗ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਦੇ ਮੁਤਾਬਕ ਪਲਾਨਿੰਗ ਬੋਰਡ ਦੀ ਵਾਈਸ ਚੇਅਰਪਰਸਨ ਸਮੇਤ ਬੀਬੀ ਭੱਠਲ ਨੂੰ ਮਿਲਿਆ ਕੈਬਨਿਟ ਰੈਂਕ ਪਹਿਲਾਂ ਵਾਂਗ ਰਹੇਗਾ ਅਤੇ ਉਨ੍ਹਾਂ ਦਾ ਕਾਰਜਕਾਲ ਚਾਰ ਜੁਲਾਈ 2021 ਤੋਂ ਤਿੰਨ ਜੁਲਾਈ 2024 ਯਾਨੀ ਤਿੰਨ ਸਾਲ ਲਈ ਵਧਾਇਆ ਗਿਆ ਹੈ। ਇਸ ਪਿੱਛੋਂ ਬੀਬੀ ਭੱਠਲ ਨੂੰ ਮਿਲਦੀਆਂ ਸਹੂਲਤਾਂ ਦੇ ਨਿਯਮ ਤੇ ਸ਼ਰਤਾਂ ਵਿਭਾਗ ਬਾਅਦ ਵਿੱਚ ਤੈਅ ਕਰੇਗਾ।

ਅਸਲ ਵਿੱਚ ਨਵਜੋਤ ਸਿੰਘ ਸਿੱਧੂ ਦੇ ਪ੍ਰਧਾਨ ਬਣਨ ਪਿੱਛੋਂ ਕਾਂਗਰਸ ਦੇ ਹਾਲਾਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਅਨੁਕੂਲ ਨਹੀਂ ਅਤੇ ਕੁਝ ਮੰਤਰੀਆਂ ਨੇ ਉਨ੍ਹਾਂ ਦੇ ਖਿਲਾਫ ਮੋਰਚਾ ਖੋਲ੍ਹਿਆ ਹੋਇਆ ਹੈ। ਇਹ ਹੀ ਕਾਰਨ ਹੈ ਕਿ ਇੱਕ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ, ਪਰ ਮੰਤਰੀ ਮੰਡਲ ਦੀ ਬੈਠਕ ਬੁਲਾਉਣ ਦਾ ਫੈਸਲਾ ਨਹੀਂ ਹੋ ਰਿਹਾ।



## ਮੋਟਰ ਸਾਈਕਲ ਸਾਨ੍ਹ ਵਿੱਚ ਵੱਜਣ ਕਾਰਨ ਚਾਲਕ ਦੀ ਮੌਤ

ਮਲਸੀਆਂ, 8 ਅਗਸਤ (ਪੋਸਟ ਬਿਊਰੋ)- ਮਲਸੀਆਂ-ਨਕੋਦਰ ਨੈਸ਼ਨਲ ਹਾਈਵੇ ਉੱਤੇ ਬੀਤੀ ਰਾਤ ਮੋਟਰ ਸਾਈਕਲ ਦੇ ਸਾਨ੍ਹ ਵਿੱਚ ਵੱਜਣ ਕਾਰਨ ਨੌਜਵਾਨ ਦੀ ਮੌਤ ਹੋ ਜਾਣ ਦੀ ਖਬਰ ਆਈ ਹੈ।

ਪਤਾ ਲੱਗਾ ਹੈ ਕਿ ਮਨਦੀਪ ਸਿੰਘ ਉਰਫ ਬਾਊ (30) ਪੁੱਤਰ ਜਸਵਿੰਦਰ ਸਿੰਘ ਪੱਤੀ ਖੁਰਮਪੁਰ (ਮਲਸੀਆਂ) ਦਾ ਤਿੰਨ ਸਾਲ ਪਹਿਲਾਂ ਵਿਆਹ ਹੋਇਆ ਸੀ ਅਤੇ ਉਸ ਦੀ ਪਤਨੀ ਦੇ ਸੱਟ ਵੱਜੀ ਹੋਣ ਕਾਰਨ ਪਤਾ ਕਰਨ ਸਹੁਰੇ ਘਰ ਗਿਆ ਸੀ। ਰਾਤ ਕਰੀਬ 1.30 ਵਜੇ ਮੋਟਰ ਸਾਈਕਲ ਉੱਤੇ ਨਕੋਦਰ ਤੋਂ ਆਪਣੇ ਸਹੁਰੇ ਘਰੋਂ ਮਲਸੀਆਂ ਵੱਲ ਆ ਰਿਹਾ ਸੀ ਤਾਂ ਜਦੋਂ ਉਹ ਮਲਸੀਆਂ-ਨਕੋਦਰ ਰੋਡ ਉੱਤੇ ਪਿੰਡ ਕਾਂਗਣਾ ਵਾਲੇ ਮੋੜ ਨੇੜੇ ਪਹੁੰਚਿਆ ਤਾਂ ਅਚਾਨਕ ਅੱਗੇ ਸਾਨ੍ਹ ਆ ਗਿਆ ਅਤੇ ਸਾਨ੍ਹ ਦਾ ਸਿੰਙ ਇਸ ਦੀ ਛਾਤੀ ਵਿੱਚ ਖੁੱਭ ਗਿਆ, ਜਿਸ ਕਾਰਨ ਉਸ ਦੀ ਮੌਕੇ ਉੱਤੇ ਮੌਤ ਹੋ ਗਈ। ਇਸ ਟੱਕਰ ਦੇ ਕਾਰਨ ਸਾਨ੍ਹ ਵੀ ਮਰ ਗਿਆ। ਪਤਾ ਲੱਗਣ ਉੱਤੇ ਮਲਸੀਆਂ ਪੁਲਸ ਚੌਕੀ ਦੇ ਏ ਐਸ ਆਈ ਧਰਮਿੰਦਰ ਸਿੰਘ ਮੌਕੇ ਉੱਤੇ ਪਹੁੰਚੇ ਅਤੇ ਕਾਰਵਾਈ ਕਰਦਿਆਂ ਮਾਮਲਾ ਦਰਜ ਕਰ ਲਿਆ ਹੈ।




# ਭਾਰਤੀ ਨਾਗਰਿਕਾਂ ਲਈ ਕਰਤਾਰਪੁਰ ਲਾਂਘਾ ਖੁੱਲ੍ਹਣ ਦੀ ਸੰਭਵਨਾ ਹਾਲੇ ਨਹੀਂ

* ਪਾਕਿ ਪੰਜਾਬ ਵਿੱਚ ਕੋਵਿਡ ਦੇ ਡੈਲਟਾ ਵੈਰੀਐਂਟ ਦੇ ਕੇਸ ਵਧੇ

ਅੰਮ੍ਰਿਤਸਰ, 8 ਅਗਸਤ (ਪੋਸਟ ਬਿਊਰੋ)- ਕੋਰੋਨਾ ਵਾਇਰਸ ਨੂੰ ਆਧਾਰ ਬਣਾ ਕੇ ਪਾਕਿਸਤਾਨ ਦੇ ਨੈਸ਼ਨਲ ਕਮਾਂਡ ਐਂਡ ਆਪ੍ਰੇਸ਼ਨ ਸੈਂਟਰ (ਐਨ ਸੀ ਓ ਸੀ) ਨੇ ਮਾਰਚ 2020 ਵਿੱਚ ਭਾਰਤੀ ਸ਼ਰਧਾਲੂਆਂ ਦੇ ਕਰਤਾਰਪੁਰ ਲਾਂਘੇ ਤੋਂ ਜ਼ਿਲ੍ਹਾ ਨਾਰੋਵਾਲ ਵਿਚਲੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਉੱਤੇਜਿਹੜੀ ਰੋਕ ਲਾਈ ਸੀ, ਉਹ ਅਜੇ ਹੋਰ ਲੰਬਾ ਸਮਾਂ ਚੱਲ ਸਕਦੀ ਹੈ। ਇਹ ਰੋਕ ਹਟਾਉਣ ਲਈ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਇਵੈਕੂਈ ਟਰੱਸਟ ਪ੍ਰਾਪਰਟੀਜ਼ ਬੋਰਡ, ਲਾਹੌਰ ਹਾਈ ਕੋਰਟ ਬਾਰ ਐਸੋਸੀਏਸ਼ਨ ਅਤੇ ਦੋਵਾਂ ਦੇਸ਼ਾਂ ਦੀ ਸਾਂਝ ਲਈ ਕੰਮ ਕਰਦੀਆਂ ਵੱਖ-ਵੱਖ ਜਥੇਬੰਦੀਆਂ ਅਤੇ ਜ਼ਿਲ੍ਹਾ ਨਾਰੋਵਾਲ ਤੋਂ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੀ ਮੈਂਬਰ ਪਾਰਲੀਮੈਂਟ ਮੋਮਨਾ ਵਹੀਦ ਨੇ ਪਾਕਿ ਦੇ ਧਾਰਮਿਕ ਮਾਮਲਿਆਂ ਮੰਤਰਾਲੇ ਤਕ ਪਹੁੰਚ ਕੀਤੀ ਸੀ, ਪਰ ਛੋਟ ਨਹੀਂ ਮਿਲੀ। ਬੀਬੀ ਮੋਮਨਾ ਵਹੀਦਾ ਨੇ ਮੀਡੀਆ ਨੂੰ ਦੱਸਿਆ ਕਿ ਪਾਕਿ ਵਿੱਚ ਕੋਰੋਨਾ ਦੀ ਨਵੀਂ ਲਹਿਰ ਡੈਲਟਾ ਵੇਰੀਐਂਟ ਇਸ ਵੇਲੇ ਤੇਜ਼ ਪ੍ਰਭਾਵ ਵਿੱਚ ਹੈ। ਉਨ੍ਹਾਂ ਕਿਹਾ ਕਿ ਇਸ ਕਰਕੇ ਇਸ ਲਾਂਘੇ ਰਾਹੀਂ ਭਾਰਤੀ ਸ਼ਰਧਾਲੂਆਂ ਦੇ ਕਰਤਾਰਪੁਰ ਸਾਹਿਬ ਆਉਣ ਉੱਤੇ ਐਨ ਸੀ ਓ ਸੀ ਵੱਲੋਂ ਲੱਗੀ ਰੋਕ ਖ਼ਤਮ ਕਰਨ ਬਾਰੇ ਭਾਰਤ ਸਰਕਾਰ ਨੂੰ ਅਜੇ ਕੋਈ ਪੱਤਰ ਨਹੀਂ ਭੇਜਿਆ ਜਾ ਸਕਿਆ। ਮੋਮਨਾ ਵਹੀਦਾ ਨੇ ਕਿਹਾ ਕਿ ਲਹਿੰਦੇ ਪੰਜਾਬ ਵਿੱਚ ਡੈਲਟਾ ਵੇਰੀਐਂਟ ਦੇ ਤੇਜ਼ ਪ੍ਰਭਾਵ ਕਾਰਨ ਰਾਵਲਪਿੰਡੀ, ਲਾਹੌਰ, ਸਿਆਲਕੋਟ, ਇਸਲਾਮਾ-ਬਾਦ ਅਤੇ ਖ਼ਾਸਕਰ ਕੇ ਨਾਰੋਵਾਲ ਦੇ ਕੁਝ ਇਲਾਕਿਆਂ ਵਿੱਚ ਸਖ਼ਤਤਾਲਾਬੰਦੀ ਕੀਤੀ ਗਈ ਹੈ, ਜਿਸ ਕਾਰਨ ਹਾਲੇ ਭਾਰਤੀ ਸ਼ਰਧਾਲੂਆਂ ਲਈ ਲਾਂਘਾ ਖੋਲ੍ਹਣਾ ਸੰਭਵ ਨਹੀ। ਉਨ੍ਹਾਂ ਨਾਲ ਇਹ ਵੀ ਕਿਹਾ ਕਿ ਕੁਝ ਭਾਰਤੀ ਨਾਗਰਿਕਾਂ ਨੇ 74 ਸਾਲਾਂ ਬਾਅਦ ਪਹਿਲੀ ਵਾਰ ਸ੍ਰੀ ਕਰਤਾਰਪੁਰ ਸਾਹਿਬ ਵਿਖੇ 14 ਅਗਸਤ ਨੂੰ ਪਾਕਿਸਤਾਨ ਅਤੇ 15 ਅਗਸਤ ਨੂੰ ਭਾਰਤ ਦਾ ਆਜ਼ਾਦੀ ਦਿਹਾੜਾ ਭਾਰਤ ਅਤੇ ਪਾਕਿਸਤਾਨ ਦੇ ਨਾਗਰਿਕਾਂ ਵੱਲੋਂ ਸਾਂਝੇ ਤੌਰ ਉੱਤੇ ਭਾਰੀ ਉਤਸ਼ਾਹ ਨਾਲ ਮਨਾਉਣ ਦੀ ਇੱਛਾ ਵਿਖਾਈ ਹੈ, ਜੋ ਚੰਗਾ ਯਤਨ ਹੈ ਅਤੇ ਇਸ ਨਾਲ ਭਾਰਤ-ਪਾਕਿ ਸਾਂਝ ਅਤੇ ਸੰਬੰਧਾਂ ਨੂੰ ਨਵਾਂ ਹੁਲਾਰਾ ਮਿਲੇਗਾ।



## ਬੈਂਕ ਦੀ ਕੰਧ ਵਿੱਚ ਸੰਨ੍ਹ ਲਾ ਕੇ ਚਾਰ ਲੱਖ ਤੋਂ ਵੱਧ ਦੀ ਚੋਰੀ

ਚੋਹਲਾ ਸਾਹਿਬ, 8 ਅਗਸਤ (ਪੋਸਟ ਬਿਊਰੋ)- ਨੇੜਲੇ ਪਿੰਡ ਗੰਡੀਵਿੰਡ ਵਿਖੇ ਕੱਲ੍ਹ ਰਾਤ ਚੋਰਾਂ ਨੇ ਕੋਆਪ੍ਰੇਟਿਵ ਬੈਂਕ ਦੀ ਕੰਧ ਵਿੱਚ ਸੰਨ ਲਾ ਕੇ ਤਿਜੌਰੀ ਵਿੱਚ ਰੱਖੇ ਚਾਰ ਲੱਖ 60 ਹਜ਼ਾਰ 891 ਰੁਪਏ ਚੋਰੀ ਕਰ ਲਏ।

ਬੈਂਕ ਮੈਨੇਜਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਪਰਸੋਂ ਉਹ ਰੋਜ਼ ਵਾਂਗ ਬੈਂਕ ਦਾ ਦਰਵਾਜ਼ਾ ਬੰਦ ਕਰਵਾ ਕੇ ਗਏ ਸਨ ਅਤੇ ਕੱਲ੍ਹ ਜਦੋਂ ਉਨ੍ਹਾਂ ਦੇ ਬੈਂਕ ਸੇਵਾਦਾਰ ਨੇ ਦਰਵਾਜ਼ਾ ਖੋਲ੍ਹਿਆ ਤਾਂ ਅੰਦਰਲਾ ਲੋਹੇ ਦਾ ਦਰਵਾਜ਼ਾ ਕੱਟਿਆ ਹੋਇਆ ਹੈ। ਉਸ ਨੇ ਫ਼ੋਨ ਉੱਤੇ ਮੈਨੂੰ ਦੱਸਿਆ ਅਤੇ ਮੈਂ ਬੈਂਕ ਪਹੁੰਚ ਕੇ ਵੇਖਿਆ ਤਾਂ ਬੈਂਕ ਦੇ ਪਿਛਲੇ ਪਾਸਿਉਂ ਕੰਧ ਵੀ ਪਾਟੀ ਹੋਈ ਸੀ, ਜਿਸ ਰਾਹੀਂ ਚੋਰ ਸਟੋਰ ਰੂਮ ਵਿੱਚ ਗਏ ਸਨ। ਇਸ ਬਾਰੇ ਅਸੀਂ ਥਾਣਾ ਚੋਹਲਾ ਸਾਹਿਬ ਨੂੰ ਸੂਚਿਤ ਕੀਤਾ। ਇਸ ਦਾ ਪਤਾ ਲੱਗਦੇ ਸਾਰ ਥਾਣਾ ਚੋਹਲਾ ਸਾਹਿਬ ਦੇ ਐਸ ਐਚ ਓ ਪਰਮਜੀਤ ਸਿੰਘ ਮੌਕੇ ਉੱਤੇ ਪੁੱਜ ਗਏ। ਪੁਲਸ ਦੀ ਮੌਜੂਦਗੀ ਵਿੱਚ ਜਦ ਉਨ੍ਹਾਂ ਸਟੋਰ ਰੂਮ ਦਾ ਦਰਵਾਜ਼ਾ ਖੋਲ੍ਹਿਆ ਤਾਂ ਵੇਖਿਆ ਕਿ ਸਟੋਰ ਰੂਮ ਵਿੱਚ ਲੋਹੇ ਦੀ ਤਿਜੌਰੀ ਦਾ ਦਰਵਾਜ਼ਾ ਵੀ ਕਟਰ ਨਾਲ ਕੱਟਿਆ ਹੋਇਆ ਸੀ ਅਤੇ ਤਿਜੌਰੀ ਵਿੱਚ ਰੱਖੇ ਸਾਰੇ ਚਾਰ ਲੱਖ 60 ਹਜ਼ਾਰ 891 ਰੁਪਏ ਗਾਇਬ ਸਨ। ਬੈਂਕ ਮੈਨੇਜਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਬੈਂਕ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਦੀ ਫੁਟੇਜ ਤੋਂ ਵੇਖਿਆ ਗਿਆ ਕਿ ਬੈਂਕ ਵਿੱਚ ਰਾਤ ਤਿੰਨ ਵਿਅਕਤੀ ਦਾਖ਼ਲ ਹੋਏ ਜਿਨ੍ਹਾਂ ਨੇ ਆਪਣੇ ਮੂੰਹ ਬੰਨ੍ਹੇ ਹੋਏ ਅਤੇ ਹੱਥਾਂ ਉਪਰ ਦਸਤਾਨੇ ਪਹਿਨੇ ਸਨ। ਬੈਂਕ ਵਿੱਚ ਜਾਣ ਪਿੱਛੋਂ ਕੈਮਰੇ ਬੰਦ ਕਰ ਦਿੱਤੇ। ਇਸ ਬਾਰੇ ਐਸ ਐਚ ਓ ਪਰਮਜੀਤ ਸਿੰਘ ਨੇ ਕਿਹਾ ਕਿ ਸੀ ਸੀ ਟੀ ਵੀ ਕੈਮਰੇ ਤੋਂ ਮਿਲੀ ਫੁਟੇਜ ਨੂੰ ਫੋਲਿਆ ਜਾ ਰਿਹਾ ਹੈ, ਬਹੁਤ ਜਲਦੀ ਚੋਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਲੇਡੀ ਵਰਕਰ ਦੀ ਲੋੜ
Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

ਹੈਂਡੀਮੈਨ ਦੀ ਲੋੜ
ਪਲੰਬਿੰਗ, ਇਲੈਕ੍ਰਟੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।
ਸੰਪਰਕ: 416-816-1695
ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

ਨੈਨੀ ਦੀ ਲੋੜ
ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।
ਸੰਪਰਕ ਕਰੋ:
416556 6884

ਵਰਕਰਾਂ ਦੀ ਲੋੜ
ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਸੰਪਰਕ: 647-205-5909, 416-618-3358

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ
647-998-7500
ਬਲਵਿੰਦਰ


## ਕੁੜੀ ਦਾ ਇਤਰਾਜ਼ਯੋਗ ਵੀਡੀਓ ਵਾਇਰਲ ਕਰਨ ’ਤੇ ਕੇਸ ਦਰਜ

ਗੁੜਗਾਓਂ, 8 ਅਗਸਤ (ਪੋਸਟ ਬਿਊਰੋ)- ਹਰਿਆਣਾ ਦੇ ਜ਼ਿਲਾ ਗੁੜਗਾਉਂ ਦੇ ਮਹਿਲਾ ਥਾਣਾ ਮਾਨੇਸਰ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਇੱਕਲੜਕੀ ਦੀ ਗਲਤ ਵੀਡੀਓ ਵਾਇਰਲ ਕਰਨ ਦਾ ਕੇਸ ਦਰਜ ਹੋਇਆ ਹੈ।

ਪੀੜਤ ਲੜਕੀ ਨੇ ਦੱਸਿਆ ਕਿ ਉਹ ਈ-ਕਾਮਰਸ ਕੰਪਨੀ ਵਿੱਚ ਕੰਮ ਕਰਦੀ ਸੀ। ਇਸ ਦੌਰਾਨ ਉਸ ਦੇ ਨਾਲ ਹੀ ਪੁਨੀਤ ਸ਼ਰਮਾ ਵੀ ਨੌਕਰੀ ਕਰਦਾ ਸੀ। ਦੋ ਅਗਸਤ ਨੂੰ ਪੁਨੀਤ ਦੀ ਵੀਡੀਓ ਕਾਲ ਆਈ। ਇਸ ਦੌਰਾਨ ਲੜਕੀ ਨਹਾ ਰਹੀ ਸੀ। ਉਸ ਵੇਲੇ ਗਲਤੀ ਨਾਲ ਲੜਕੀ ਤੋਂ ਫੋਨ ਚੁੱਕਿਆ ਗਿਆ ਤਾਂ ਪੁਨੀਤ ਨੇ ਲੜਕੀ ਦਾ ਨਹਾਉਂਦੀ ਦਾ ਵੀਡੀਓ ਬਣਾ ਲਿਆ ਅਤੇ ਸੋਸ਼ਲ ਮੀਡੀਆ ਉੱਤੇ ਵਾਇਰਲ ਕਰ ਦਿੱਤਾ। ਇਸ ਦੇ ਨਾਲ ਉਸ ਦੇ ਨਾਂਅ ਨਾਲ ਫੇਸਬੁੱਕ ਦੀ ਫੇਕ ਆਈ ਡੀ ਬਣਾ ਕੇ ਇਹ ਵੀਡੀਓ ਵੀ ਅਪਲੋਡ ਕਰ ਦਿੱਤਾ। ਇਸ ਦੇ ਨਾਲ ਪੁਨੀਤ ਕੰਪਨੀ ਵਿੱਚ ਕੰਮ ਕਰਨ ਵਾਲੀ ਪੀੜਤਾ ਦੀ ਭੈਣ ਨੂੰ ਵੀ ਪਰੇਸ਼ਾਨ ਕਰਦਾ ਹੈ। ਪੁਲਸ ਨੇ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਅਮਰੀਕਾ ਦੇ ਨਵੇਂ ਬਣਦੇ ਗੁਰਦੁਆਰਾ ਸਾਹਿਬ ਦੀਆਂ ਕੰਧਾਂ ਉਤੇ ਮਾੜੇ ਸਲੋਗਨ ਲਿਖੇ ਗਏ

ਨਵੀਂ ਦਿੱਲੀ, 8 ਅਗਸਤ (ਪੋਸਟ ਬਿਊਰੋ)- ਅਮਰੀਕਾ ਦੇ ਨਿਊ ਹਾਈਡ ਪਾਰਕ ਵਿੱਚ ਬਣ ਰਹੇ ਇੱਕ ਗੁਰਦੁਆਰਾ ਸਾਹਿਬ ਨੂੰ ਬੁਰੀ ਤਰ੍ਹਾਂ ਨਾਲ ਨੁਕਸਾਨ ਪਹੁੰਚਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹੀ ਨਹੀਂ ਉਥੇ ਭੰਨ ਤੋੜ ਕਰਨ ਤੋਂ ਬਾਅਦ ਕੰਧਾਂ ਉੱਤੇ ‘ਟਰੰਪ 2024 ਮੇਕ ਅਮਰੀਕਾ ਗ੍ਰੇਟ ਅਗੇਨ’ ਵਰਗੇ ਨਾਅਰੇ ਵੀ ਲਿਖੇ ਗਏ ਹਨ।




ਸਿੱਖ ਗੱਠਜੋੜ ਦੀ ਬੁਲਾਰਾ ਪ੍ਰੀਤ ਕੌਰ ਨੇ ਦੱਸਿਆ ਕਿ ਇਹ ਮਾਮਲਾ ਤਿੰਨ ਅਗਸਤ ਨੂੰ ਸਾਹਮਣੇ ਆਇਆ ਹੈ, ਜਿਸ ਦੇ ਬਾਅਦ ਇਸ ਦੀ ਸੂਚਨਾ ਪੁਲਸ ਵਿਭਾਗ ਨੂੰ ਦਿੱਤੀ ਗਈ। ਉਸ ਨੇ ਅੱਗੇ ਦੱਸਿਆ ਕਿ ਕੰਧਾਂ ਉੱਤੇ ਕਈ ਤਰ੍ਹਾਂ ਦੇ ਜਾਤੀਸੂਚਕ ਸ਼ਬਦ ਲਿਖੇ ਗਏ ਸਨ। ਵਰਨਣ ਯੋਗ ਹੈ ਕਿ ਸਿੱਖਾਂ ਨੂੰ ਆਮ ਤੌਰ ਉੱਤੇ ਉਨ੍ਹਾਂ ਦੀ ਪੱਗ ਕਾਰਨ ਗਲਤ ਮੰਨ ਲਿਆ ਜਾਂਦਾ ਹੈ। ਅਮਰੀਕਾ ਵਿੱਚ ਉਹ ਜ਼ਿਆਦਾ ਕਰ ਕੇ ਮੁਸਲਿਮ ਵਿਰੋਧੀ ਵਿਤਕਰੇ ਨੂੰ ਮਹਿਸੂਸ ਕਰਦੇ ਹਨ। ਇੰਨਾ ਹੀ ਨਹੀਂ ਕਈ ਵਾਰ ਇਸੇ ਲਈ ਸਿੱਖਾਂ ਉੱਤੇ ਜਾਨਲੇਵਾ ਹਮਲੇ ਵੀ ਹੋਏ ਹਨ। ਹਾਲੇ ਇਸ ਤਾਜ਼ਾ ਕੇਸ ਵਿੱਚ ਕੋਈ ਗ੍ਰਿਫਤਾਰੀ ਨਹੀਂ ਹੋ ਸਕੀ। ਬੁਲਾਰੇ ਨੇ ਕਿਹਾ ਕਿ ਸਿੱਖ ਅਲਾਇੰਸ ਸਥਾਨਕ ਅਤੇ ਫੈਡਰਲ ਕਾਨੂੰਨੀ ਏਜੰਸੀਆਂ ਨਾਲ ਨਫਰਤ ਦੇ ਇਸ ਕੇਸ ਦਾ ਜਵਾਬ ਦੇਣ ਲਈ ਹਰ ਲੋੜੀਂਦੀ ਕਾਰਵਾਈ ਯਕੀਨੀ ਬਣਾਉਣ ਵਿੱਚ ਪੂਰੀ ਮਦਦ ਕਰੇਗੀ।

## ਕੋਰੋਨਾ ਤੋਂ ਬਚਾਅ ਲਈ ਜੌਨਸਨ ਐਂਡ ਜੌਨਸਨ ਦੀ ਵੈਕਸੀਨ ਨੂੰ ਭਾਰਤ ਵਿੱਚ ਮਨਜ਼ੂਰੀ ਮਿਲੀ

ਨਵੀਂ ਦਿੱਲੀ, 8 ਅਗਸਤ (ਪੋਸਟ ਬਿਊਰੋ)- ਕੋਰੋਨਾ ਵਾਇਰਸ ਤੋਂ ਬਚਾਅ ਕਰਨ ਲਈ ਅਮਰੀਕੀ ਕੰਪਨੀ ਜੌਨਸਨ ਐਂਡ ਜੌਨਸਨ ਦੇ ਇੱਕੋ ਟੀਕੇ ਨੂੰ ਭਾਰਤ ਵਿੱਚ ਹੰਗਾਮੀ ਵਰਤੋਂ ਲਈ ਮਨਜ਼ੂਰੀ ਦੇ ਦਿੱਤੀ ਗਈ ਹੈ।




ਕੇਂਦਰੀ ਸਿਹਤ ਮੰਤਰੀ ਮਨਸੁਖ ਮਾਂਡਵੀਆ ਨੇ ਕਿਹਾ ਕਿ ਇਸ ਨਾਲ ਕੋਰੋਨਾ ਵਾਇਰਸ ਦੀ ਲਾਗ ਦੇ ਖਿਲਾਫ ਜੰਗ ਵਿੱਚ ਜੌਨਸਨ ਐਂਡ ਜੌਨਸਨ ਦੀ ਵੈਕਸੀਨ ਦੇ ਨਾਲ ਹੋਰ ਤਾਕਤ ਮਿਲੇਗੀ। ਭਾਰਤ ਵਿੱਚ ਇਸ ਵਕਤ ਤਕ ਪੰਜ ਟੀਕਿਆਂ ਨੂੰ ਹੰਗਾਮੀ ਵਰਤੋਂ ਦੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਇਨ੍ਹਾਂ ਵਿੱਚ ਭਾਰਤ ਦੇ ਸੀਰਮ ਇੰਸਟੀਚਿਊਟ ਦੀ ਕੋਵੀਸ਼ੀਲਡ, ਭਾਰਤ ਬਾਇਓਟੈਕ ਦੀ ਕੋਵੈਕਸੀਨ, ਰੂਸ ਦੀ ਸਪੂਤਨਿਕ ਵੀ, ਮੋਡਰਨਾ ਅਤੇ ਇਸ ਦੇ ਬਾਅਦ ਜੌਨਸਨ ਐਂਡ ਜੌਨਸਨ ਸ਼ਾਮਲ ਹੋ ਗਈ ਹੈ। ਜੌਨਸਨ ਐਂਡ ਜੌਨਸਨ ਦੇ ਬੁਲਾਰੇ ਨੇ ਕਿਹਾ ਹੈ ਕਿ ਗੰਭੀਰ ਤੋਂ ਗੰਭੀਰ ਲਾਗ ਨੂੰ ਰੋਕਣ ਲਈ ਉਨ੍ਹਾਂ ਦੇ ਟੀਕੇ ਦੀ ਇੱਕੋ ਖੁਰਾਕ 85 ਫੀਸਦੀ ਤਕ ਅਸਰਦਾਰ ਹੈ।

ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਅਮਰੀਕੀ ਕੰਪਨੀ ਨੇ ਸ਼ੁੱਕਰਵਾਰ ਨੂੰ ਹੰਗਾਮੀ ਵਰਤੋਂ ਦੀ ਮਨਜ਼ੂਰੀ ਮੰਗੀ ਸੀ, ਜਿਸ ਨੂੰ ਭਾਰਤੀ ਡਰੱਗਜ਼ ਕੰਟਰੋਲਰ ਜਨਰਲ ਆਫ ਇੰਡੀਆ ਨੇ ਉਸੇ ਦਿਨ ਪ੍ਰਵਾਨਗੀ ਦੇ ਦਿੱਤੀ ਸੀ। ਜੌਨਸਨ ਐਂਡ ਜੌਨਸਨ ਇੰਡੀਆ ਨੇ ਬਿਆਨ ਵਿੱਚ ਕਿਹਾ ਕਿ ਮਹਾਮਾਰੀ ਦੇ ਖਾਤਮੇ ਲਈ ਕੋਵਿਡ-19 ਵੈਕਸੀਨ ਦੀ ਸਪਲਾਈ ਤੇਜ਼ ਕਰਨ ਲਈ ਇਹ ਪਹਿਲਾ ਵੱਡਾ ਕਦਮ ਹੈ। ਇਸ ਤੋਂ ਪਹਿਲਾਂ ਇਸ ਕੰਪਨੀ ਨੇ 600 ਲੋਕਾਂ ਉੱਤੇ ਆਪਣੀ ਵੈਕਸੀਨ ਦੇ ਤੀਜੇ ਪੜਾਅ ਦੇ ਟੈਸਟਦੀ ਪ੍ਰਵਾਨਗੀ ਮੰਗੀ ਸੀ, ਪਰ 29 ਜੁਲਾਈ ਨੂੰ ਇਹ ਤਜਵੀਜ਼ ਵਾਪਸ ਲੈ ਲਈ ਸੀ।

ਓਲੰਪੀਅਨ ਮੁੱਕੇਬਾਜ਼ ਵਜਿੰਦਰ ਨੇ ਕਿਹਾ :

## ਮੈਨੂੰ ਮੈਡਲ ਮਿਲਣ ’ਤੇ ਮਨਮੋਹਨ ਸਿੰਘ ਨੇ ਵੀ ਵਧਾਈ ਦਿੱਤੀ ਸੀ, ਪਰ ਮੋਦੀ ਵਾਂਗ ਡਰਾਮਾ ਨਹੀਂ ਸੀ ਕੀਤਾ

ਨਵੀਂ ਦਿੱਲੀ, 8 ਅਗਸਤ (ਪੋਸਟ ਬਿਊਰੋ)- ਓਲੰਪਿਕ ਮੈਡਲ ਜਿੱਤ ਚੁੱਕੇ ਭਾਰਤੀ ਮੁੱਕੇਬਾਜ਼ ਵਜਿੰਦਰ ਸਿੰਘ ਦੀ ਇੱਕ ਵੀਡੀਓ ਸੋਸ਼ਲ ਮੀਡੀਆ ਉੱਤੇ ਕਾਫੀ ਵਾਇਰਲ ਹੋ ਰਹੀ ਹੈ। ਇਸ ਵਿੱਚ ਵਜਿੰਦਰ ਸਿੰਘ ਕਹਿ ਰਹੇ ਹਨ ਕਿ ਜਦੋਂ ਉਨ੍ਹਾਂ ਨੂੰ ਓਲੰਪਿਕ ਵਿੱਚ ਮੈਡਲ ਮਿਲਿਆ ਸੀ ਤਾਂ ਡਾਕਟਰ ਮਨਮੋਹਨ ਸਿੰਘ ਨੇ ਵੀ ਵਧਾਈ ਦਿੱਤੀ ਸੀ, ਪਰ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਰ੍ਹਾਂ ਡਰਾਮਾ ਨਹੀਂ ਕੀਤਾਸੀ।



ਇੱਕ ਟੀ ਵੀ ਚੈਨਲ ਨੂੰ ਦਿੱਤੇ ਇੰਟਰਵਿਊ ਦੌਰਾਨ ਮੁੱਕੇਬਾਜ਼ ਵਜਿੰ-ਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸ਼ਾਨੇ ਉੱਤੇ ਲਿਆ ਅਤੇ ਕਿਹਾ ਕਿ ਜਦੋਂ ਮੈਂ ਮੈਡਲ ਜਿੱਤਿਆ ਸੀ ਤਾਂ ਓਦੋਂ ਦੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ ਵੀ ਮੇਰੇ ਨਾਲ ਫੋਨ ਉੱਤੇ ਗੱਲਬਾਤ ਕੀਤੀ ਸੀ, ਪਰ ਉਨ੍ਹਾਂ ਨੇ ਕਦੀ ਤਸਵੀਰਾਂ ਨਹੀਂ ਖਿਚਵਾਈਆਂ ਅਤੇ ਨਾ ਵੀਡੀਓ ਬਣਵਾਏ। ਉਨ੍ਹਾਂ ਨੇ ਬੱਸ ਫੋਨ ਉੱਤੇ ਵਧਾਈ ਦਿੱਤੀ। ਵਜਿੰਦਰ ਨੇ ਕਿਹਾ ਕਿ ਅੱਜ ਦੇਖੋ ਇਸ ਨੂੰ ਕਿਸ ਤਰ੍ਹਾਂ ਦਰਸ-ਾਇਆ ਜਾਂਦਾ ਹੈ। ਤਸਵੀਰਾਂ ਖਿਚਾਈਆਂ ਜਾ ਰਹੀਆਂ ਹਨ। ਵੀਡੀਓ ਰਿਕਾਰਡ ਹੁੰਦੇ ਹਨ। ਮੈਨੂੰ ਸੋਸ਼ਲ ਮੀਡੀਆ ਉੱਤੇ ਇਹ ਚੀਜ਼ਾਂ ਦੇਖ ਕੇ ਬਹੁਤ ਹਾਸਾ ਆਉਂਦਾ ਹੈ। ਵਜਿੰਦਰ ਨੇ ਕਿਹਾ ਕਿ ਇਹ ਮੋਦੀ ਸਰਕਾਰ ਦਾ ਡਰਾਮਾ ਹੈ।

ਵਜਿੰਦਰ ਦੇ ਬਿਆਨ ਨਾਲ ਕਾਂਗਰਸ ਨੇਤਾ ਅਭਿਜੀਤ ਸਿੰਘ ਨੇ ਸਹਿਮਤੀ ਪ੍ਰਗਟਾਈ ਅਤੇ ਪੋਸਟ ਵਿੱਚ ਲਿਖਿਆ,‘ਜਦੋਂ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਸੀ, ਉਹ ਵੀ ਫੋਨ ਕਰਦੇ ਸੀ, ਪਰ ਇਹ ਫੋਟੋ ਜਾਂ ਰਿਕ-ਾਰਡਿੰਗ ਦਾ ਡਰਾਮਾ ਨਹੀਂ ਹੁੰਦਾ ਸੀ।’ ਉਨ੍ਹਾਂ ਲਿਖਿਆ, ‘‘ਦਿਲ ਜਿੱਤ ਲਿਆ ਸੱਚ ਬੋਲ ਕੇ ਅਤੇ ਪੋਲ ਖੋਲ੍ਹ ਕੇ।' ਇਸ ਤੋਂ ਪਹਿਲਾਂ ਵਜਿੰਦਰ ਸਿੰਘ ਨੇ ਰਾਜੀਵ ਗਾਂਧੀ ਖੇਡ ਰਤਨ ਐਵਾਰਡ ਦਾ ਨਾਂਅ ਬਦਲਣ ਦਾ ਵਿਰੋਧ ਕੀਤਾ ਸੀ। ਉਨ੍ਹਾਂ ਟਵੀਟ ਕੀਤਾ, ‘‘ਭਾਈ ਇਹ ਨਾਂਅ ਵੀ ਬਦਲ ਸਕਦੇ ਹਨ। ਕੁਝ ਦਿਨਾਂ ਵਿੱਚ ਭਾਰਤ ਦਾ ਨਾਂਅ ਬਦਲ ਕੇ ਅਮਰੀਕਾ ਵੀ ਕਰ ਦਿੱਤਾ ਜਾਵੇਗਾ।''

## ਹਾਕੀ ਵਿੱਚ ਭਾਰਤੀ ਪੁਰਸ਼ ਟੀਮ ਵਿਸ਼ਵ ਰੈਂਕਿੰਗ ਦੇ ਤੀਸਰੇ ਤੇ ਮਹਿਲਾ ਟੀਮ 8ਵੇਂ ਥਾਂ ਪੁੱਜੀ

ਨਵੀਂ ਦਿੱਲੀ, 8 ਅਗਸਤ (ਪੋਸਟ ਬਿਊਰੋ)- ਭਾਰਤੀ ਪੁਰਸ਼ ਅਤੇ ਮਹਿਲਾ ਹਾਕੀ ਟੀਮਾਂ ਨੇ ਟੋਕੀਓ ਓਲੰਪਿਕ ਵਿੱਚ ਇਤਿਹਾਸਕ ਯਤਨਾਂ ਨਾਲ ਆਪਣੇ ਬਲਬੂਤੇ ਵਿਸ਼ਵ ਰੈਂਕਿੰਗ ਦਾ ਸਰਵੋਤਮ ਸਥਾਨ ਹਾਸਲ ਕੀਤਾ ਹੈ। ਪੁਰਸ਼ ਟੀਮ ਤੀਸਰੇ ਅਤੇ ਮਹਿਲਾ ਟੀਮ ਅੱਠਵੇਂ ਸਥਾਨ ਉੱਤੇ ਪਹੁੰਚ ਗਈ।

ਵਰਨਣ ਯੋਗ ਹੈ ਕਿ ਭਾਰਤੀ ਪੁਰਸ਼ ਟੀਮ ਨੇ ਓਲੰਪਿਕ ਵਿੱਚ ਕਾਂਸੀ ਦਾ ਤਮਗਾ ਜਿੱਤ ਕੇ 41 ਸਾਲ ਦੇ ਤਮਗੇ ਦੇ ਸੋਕੇ ਨੂੰ ਸਮਾਪਤ ਕੀਤਾ ਹੈ। ਉਹ ਸੋਨ ਤਮਗਾ ਜੇਤੂ ਬੈਲਜੀਅਮ ਅਤੇ ਚਾਂਦੀ ਤਮਗਾ ਜੇਤੂ ਆਸਟਰੇਲੀਆ ਤੋਂ ਪਿੱਛੇ ਹੈ। ਹਾਕੀ ਇੰਡੀਆ ਵੱਲੋਂ ਜਾਰੀ ਇਸ਼ਤਿਹਾਰ ਵਿੱਚ ਭਾਰਤੀ ਪੁਰਸ਼ ਟੀਮ ਦੇ ਕਪਤਾਨ ਮਨਪ੍ਰੀਤ ਸਿੰਘ ਨੇ ਕਿਹਾ ਕਿ ਇਹ ਉਸ ਖੇਡ ਪ੍ਰਤੀ ਸਾਡੀ ਸਾਰਿਆਂ ਦੀ ਸਖਤ ਮਿਹਨਤ ਅਤੇ ਸਮਰਪਣ ਦਾ ਨਤੀਜਾ ਹੈ, ਜਿਸ ਨੂੰ ਅਸੀਂ ਸਾਰੇ ਪਿਆਰ ਕਰਦੇ ਹਾਂ, ਜਿਸ ਨੇ ਸਾਨੂੰ ਸਭ ਕੁਝ ਦਿੱਤਾ। ਉਨ੍ਹਾਂ ਕਿਹਾ ਕਿ ਰੈਂਕਿੰਗ ਅਤੇ 41 ਸਾਲ ਬਾਅਦ ਓਲੰਪਿਕ ਤਮਗੇ ਨਾਲ ਭਾਰਤੀ ਹਾਕੀ ਦੇ ਵਧਣ ਦੀ ਸ਼ੁਰੂਆਤ ਹੋਈ ਹੈ। ਹੁਣ ਪਿੱਛੇ ਮੁੜ ਕੇ ਨਹੀਂ ਦੇਖਣਾ ਹੈ।

## ਹਰਿਆਣਾ ਵਿੱਚ ਕਾਂਸਟੇਬਲ ਭਰਤੀ ਦਾ ਪੇਪਰ ਲੀਕ, ਟੈੱਸਟ ਰੱਦ

ਚੰਡੀਗੜ੍ਹ, 8 ਅਗਸਤ (ਪੋਸਟ ਬਿਊਰੋ)- ਹਰਿਆਣਾ ਪੁਲਸ ਵਿੱਚ ਕਾਂਸਟੇਬਲ ਦੀ ਭਰਤੀ ਦੇ ਟੈੱਸਟ ਨੂੰ ਪੇਪਰ ਲੀਕ ਹੋ ਜਾਣ ਕਾਰਨ ਇਹ ਟੈੱਸਟ ਹਰਿਆਣਾ ਸਰਕਾਰ ਨੂੰ ਰੱਦ ਕਰਨਾ ਪੈ ਗਿਆ ਹੈ।

ਕੋਰੋਨਾ ਵਾਇਰਸ ਦੇ ਕਾਰਨ ਲੰਬੇ ਸਮੇਂ ਤੋਂ ਮੁਲਤਵੀ ਚੱਲ ਰਹੇ ਹਰਿਆਣਾ ਕਰਮਚਾਰੀ ਚੋਣ ਕਮਿਸ਼ਨ (ਐਚ ਐਸ ਐਸ ਸੀ) ਦੇ ਭਰਤੀ ਟੈੱਸਟਕੱਲ੍ਹ ਸ਼ੁਰੂ ਹੋ ਗਏ, ਪ੍ਰੰਤੂ ਪਹਿਲੇ ਹੀ ਦਿਨ ਪੁਰਸ਼ ਕਾਂਸਟੇਬਲ ਦੇਟੈੱਸਟਦਾ ਪੇਪਰ ਲੀਕ ਹੋ ਗਿਆ। ਕੈਥਲ ਵਿੱਚ ਤਿੰਨ ਪੇਪਰ ਸਾਲਵਰ (ਪੇਪਰ ਹਲ ਕਰਨ ਵਾਲੇ) ਫੜੇ ਗਏ, ਜਿਨ੍ਹਾਂ ਦੇ ਕੋਲੋਂ ਆਂਸਰ-ਸ਼ੀਟ(ਉਤਰ ਕਾਪੀ) ਵੀ ਮਿਲ ਗਈ। ਐਚ ਐਸ ਐਸ ਸੀ ਨੇ ਦੋ ਸੈਸ਼ਨਾਂ ਵਿੱਚ ਟੈੱਸਟਦੇ ਨਾਲ ਹੀ ਐਤਵਾਰ ਨੂੰ ਹੋਣ ਵਾਲੀ ਕਾਂਸਟੇਬਲ ਦੀ ਭਰਤੀ ਪ੍ਰੀਖਿਆ ਰੱਦ ਕਰ ਦਿੱਤੀ ਹੈ। ਇਮਤਿਹਾਨਦਾ ਨਵਾਂ ਸ਼ਡਿਊਲ ਜਲਦੀ ਹੀ ਜਾਰੀ ਹੋਵੇਗਾ।

ਵਰਨਣ ਯੋਗ ਹੈ ਕਿ ਹਰਿਆਣੇ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਹਰਿਆਣਾ ਟੀਚਰ ਯੋਗਤਾ ਟੈਸਟ (ਐਚ ਟੈਟ), ਐਕਸਾਈਜ਼ ਇੰਸਪੈਕਟਰ, ਐਚ ਸੀ ਐਸ ਜੁਡੀਸ਼ਲ ਨਾਇਬ ਤਹਿਸੀਲਦਾਰ ਵਰਗੇ ਕਰੀਬ ਤਿੰਨ ਦਰਜਨ ਟੈੱਸਟਾਂਦੇ ਪੇਪਰ ਲੀਕ ਹੋ ਚੁੱਕੇ ਹਨ ਅਤੇ ਕੱਲ੍ਹ ਪੁਲਸ ਕਾਂਸਟੇਬਲ ਦੇ ਭਰਤੀ ਇਮਤਿਹਾਨਦਾ ਪੇਪਰ ਵੀ ਲੀਕ ਹੋ ਗਿਆ ਹੈ। ਕੈਥਲ ਦੇ ਮਾਤਾ ਗੇਟ ਇਲਾਕੇ ਤੋਂ ਪੁਲਸ ਨੇ ਤਿੰਨ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿੱਚੋਂ ਦੋ ਜੀਂਦ ਜ਼ਿਲ੍ਹੇ ਦੇ ਉਚਾਣਾ ਤੇ ਇੱਕ ਨੌਜਵਾਨ ਖੁਆ ਪਿੰਡ ਦਾ ਵਾਸੀ ਹੈ। ਸਵੇਰ ਦੇ ਸੈਸ਼ਨ ਵਿੱਚ ਫੜੇ ਗਏ ਇਨ੍ਹਾਂ ਪੇਪਰ ਸਾਲਵਰਾਂ ਤੋਂ ਆਂਸਰ-ਸ਼ੀਟਮਿਲਣ ਪਿੱਛੋਂ ਪੁਲਸ ਪੁੱਛਗਿੱਛ ਵਿੱਚ ਪਤਾ ਲੱਗਾ ਕਿ ਤਿੰਨਾਂ ਦੇ ਤਾਰ ਹਿਸਾਰ ਨਾਲ ਵੀ ਜੁੜੇ ਹਨ। ਰੱਦ ਕੀਤਾ ਗਿਆ ਕਾਂਸਟੇਬਲ ਭਰਤੀ ਟੈੱਸਟ ਦੋਬਾਰਾ ਲਿਆ ਜਾਏਗਾ।

## ਪਾਕਿ ਵਿੱਚ ਮੰਦਰ ਤੋੜਨ ਵਾਲੇ 150 ਕੱਟੜਪੰਥੀਆਂ ਉਤੇ ਕੇਸ, 50 ਜਣੇ ਗ੍ਰਿਫਤਾਰ




ਲਾਹੌਰ, 8 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਹਿੰਦੂ ਮੰਦਰ ਤੋੜੇ ਜਾਣ ਤੋਂ ਬਾਅਦ ਭਾਰਤ ਦੇ ਸਖਤ ਰਵੱਈਏ ਦਾ ਅਸਰ ਹੋਇਆ ਅਤੇ ਪਾਕਿ ਸਰਕਾਰ ਦੀ ਨੀਂਦ ਟੁੱਟ ਗਈ ਹੈ। ਇਸ ਪਿੱਛੋਂ ਪਾਕਿ ਪੰਜਾਬ ਦੀ ਪੁਲਸ ਨੇ 150 ਕੱਟੜਪੰਥੀ ਮੁਸਲਮਾਨਾਂ ਖਿਲਾਫ ਕੇਸ ਦਰਜ ਕੀਤਾ ਅਤੇ 50 ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਵਰਨਣ ਯੋਗ ਹੈ ਕਿ ਬੀਤੇ ਬੁੱਧਵਾਰ ਪੰਜਾਬ ਸੂਬੇ ਦੇ ਰਹੀਮ ਯਾਰ ਖਾਨ ਜ਼ਿਲੇ ਦੇ ਭੋਂਗ ਵਿੱਚ ਗਣੇਸ਼ ਮੰਦਰ ਉੱਤੇ ਭੀੜ ਨੇ ਹਮਲਾ ਕਰ ਕੇ ਮੰਦਰ ਵਿੱਚ ਭੰਨਤੋੜ ਕੀਤੀ ਅਤੇ ਉਸ ਨੂੰ ਅੱਗ ਹਵਾਲੇ ਕਰ ਦਿੱਤਾ ਸੀ। ਇਸ ਘਟਨਾ ਦੇ ਸੰਬੰਧ ਵਿੱਚ ਭਾਰਤ ਦੀ ਸਖਤ ਪ੍ਰਤੀਕਿਰਿਆ ਤੋਂ ਬਾਅਦ ਉਥੋਂ ਦੀ ਸੁਪਰੀਮ ਕੋਰਟ ਨੇ ਵੀ ਕਾਰਵਾਈ ਦੇ ਹੁਕਮ ਦਿੱਤੇ ਅਤੇ ਹਰ ਪਾਸੇ ਤੋਂ ਦਬਾਅ ਪੈਣ ਤੋਂ ਬਾਅਦ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਘਟਨਾ ਦੀ ਆਲੋਚਨਾ ਕਰਦੇ ਹੋਏ ਪੁਲਸ ਨੂੰ ਕਾਰਵਾਈ ਲਈ ਹੁਕਮ ਦਿੱਤੇ ਸਨ। ਉਸ ਦੇ ਬਾਅਦ ਪੁਲਸ ਨੇ ਦੱਸਿਆ ਕਿ ਮੰਦਰ ਉੱਤੇ ਹਮਲੇ ਦੇ ਦੋਸ਼ ਵਿੱਚ ਅੱਤਵਾਦ ਤੇ ਹੋਰ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਹੈ, ਜਿਸ ਵਿੱਚ 150 ਲੋਕਾਂ ਨੂੰ ਨਾਮਜ਼ਦ ਕੀਤਾ ਹੈ। ਪੰਜਾਬ ਦੇ ਮੁੱਖ ਮੰਤਰੀ ਉਸਮਾਨ ਬੁਜਦਾਰ ਨੇ ਕਿਹਾ ਕਿ ਇਸ ਸ਼ਰਮਨਾਕ ਘਟਨਾ ਵਿੱਚ ਵੀਡੀਓ ਦੇ ਆਧਾਰ ਉੱਤੇ ਪਛਾਣ ਕਰ ਕੇ ਪੰਜਾਹ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸੁਪਰੀਮ ਕੋਰਟ ਦੇ ਹੁਕਮ ਉੱਤੇ ਮੰਦਰ ਦੀ ਮੁੜ ਉਸਾਰੀ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਗਿਆ ਹੈ। ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਮੰਦਰ ਉੱਤੇ ਹਮਲੇ ਨੂੰ ਰੋਕ ਨਾ ਸਕਣ ਦੇ ਕਾਰਨ ਸਰਕਾਰੀ ਏਜੰਸੀਆਂ ਦੀ ਆਲੋਚਨਾ ਕੀਤੀ ਸੀ। ਚੀਫ ਜਸਟਿਸ ਗੁਲਜ਼ਾਰ ਅਹਿਮਦ ਨੇ ਟਿੱਪਣੀ ਕੀਤੀ ਸੀ ਕਿ ਮੰਦਰ ਵਿੱਚ ਭੰਨਤੋੜ ਨਾਲ ਦੇਸ਼ ਦੀ ਬਦਨਾਮੀ ਹੋਈ ਹੈ ਤੇ ਪੁਲਸ ਮੂਕ ਦਰਸ਼ਕ ਬਣੀ ਰਹੀ ਹੈ। ਇਸ ਕੇਸ ਵਿੱਚ ਸੁਪਰੀਮ ਕੋਰਟ ਵਿੱਚ ਅਗਲੀ ਸੁਣਵਾਈ 13 ਅਗਸਤ ਨੂੰ ਹੋਵੇਗੀ। ਪਾਕਿਸਤਾਨ ਦੀ ਪਾਰਲੀਮੈਂਟ ਨੇ ਵੀ ਇਸ ਦੀ ਆਲੋਚਨਾ ਕੀਤੀ ਅਤੇ ਬਿਨਾਂ ਕਿਸੇ ਵਿਰੋਧ ਦੇ ਇੱਕ ਮਤਾ ਪਾਸ ਕੀਤਾ ਹੈ, ਜਿਸ ਵਿੱਚ ਮੰਦਰ ਉੱਤੇ ਹਮਲੇ ਅਤੇ ਭੰਨਤੋੜ ਦੀ ਨਿੰਦਾ ਕੀਤੀ ਗਈ।

ਖੁਫੀਆ ਏਜੰਸੀ ਦੇ ਸਾਬਕਾ ਮੁਖੀ ਨੇ ਕਿਹਾ:

## ਪਾਕਿਸਤਾਨ ਨੂੰ ਭਾਰਤ ਤੋਂ ਨਹੀਂ, ਦੇਸ਼ ਵਿਚਲੀ ਗੜਬੜ ਤੋਂ ਖਤਰਾ

ਲਾਹੌਰ, 8 ਅਗਸਤ (ਪੋਸਟ ਬਿਊਰੋ)- ਰਿਟਾਇਰਡ ਲੈਫਟੀਨੈਂਟ ਜਨਰਲ ਅਸਦ ਦੁਰਾਨੀ, ਜਿਹੜੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਦੇ ਚੀਫ ਰਹਿ ਚੁੱਕੇ ਹਨ, ਨੇ ਪਾਕਿਸਤਾਨ ਸਰਕਾਰ ਨੂੰ ਇਹ ਕਹਿ ਕੇ ਮੁਸ਼ਕਲ ਵਿੱਚ ਪਾ ਦਿੱਤਾ ਹੈ ਕਿ ਪਾਕਿਸਤਾਨ ਨੂੰ ਭਾਰਤ ਤੋਂ ਓਨਾ ਖਤਰਾ ਨਹੀਂ, ਜਿੰਨਾ ਦੇਸ਼ ਵਿਚਲੀ ਅਸ਼ਾਂਤੀ ਤੋਂ ਹੈ, ਜੇ ਸਮਾਂ ਰਹਿੰਦਿਆਂ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ, ਬਲੋਚਿਸਤਾਨ ਅਤੇ ਸਿੰਧ ਸੂਬੇ ਦੇ ਲੋਕਾਂ ਨੂੰ ਸ਼ਾਂਤ ਕਰ ਕੇ ਸਥਿਤੀ ਉੱਤੇ ਕਾਬੂ ਨਾ ਪਾਇਆ ਗਿਆ ਤਾਂ ਪਾਕਿਸਤਾਨ ਦੀ ਅਖੰਡਤਾ ਨੂੰ ਬਚਾਉਣਾ ਔਖਾ ਹੋ ਜਾਏਗਾ।



ਅਸਦ ਦੁਰਾਨੀ ਨੇ ਕਿਹਾ ਕਿ ਬੇਸ਼ੱਕ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਗਸਤ 2019 ਵਿੱਚ ਭਾਰਤੀ ਕਬਜ਼ੇ ਵਾਲੇ ਕਸ਼ਮੀਰ ਵਿੱਚ ਧਾਰਾ 370 ਖਤਮ ਕਰ ਕੇ ਪੂਰਾ ਕਸ਼ਮੀਰ ਸੀਲ ਕਰ ਰੱਖਿਆ ਹੈ, ਪਰ ਪਾਕਿਸਤਾਨ ਉੱਤੇ ਉਸ ਨਾਲ ਕੋਈ ਅਸਰ ਨਹੀਂ ਪੈਂਦਾ। ਜ਼ਰੂਰਤ ਇਸ ਗੱਲ ਦੀ ਹੈ ਕਿ ਪਾਕਿਸਤਾਨ ਸਰਕਾਰ ਇਹ ਸੋਚੇ ਕਿ ਅਸੀਂ ਆਪਣੇ ਕਬਜ਼ੇ ਵਾਲੇ ਕਸ਼ਮੀਰ ਸਮੇਤ ਬਲੋਚਿਸਤਾਨ ਤੇ ਸਿੰਧ ਸੂਬੇ ਵਿੱਚ ਸ਼ਾਂਤੀ ਸਥਾਪਤ ਕਰ ਕੇ ਉਥੋਂ ਦੇ ਲੋਕਾਂ ਦਾ ਭਰੋਸਾ ਕਿਵੇਂ ਜਿੱਤਣਾ ਹੈ, ਜਿਸ ਦੇ ਬਿਨਾਂ ਦੇਸ਼ ਨੂੰ ਬਚਾਉਣਾ ਮੁਸ਼ਕਲ ਹੋ ਸਕਦਾ ਹੈ।

ਇਸ ਦੌਰਾਨ ਲਾਹੌਰ ਪੁਲਸ ਨੇ ਦੇਹ ਵਪਾਰ ਦੇ ਲਈ ਪਾਕਿਸਤਾਨ ਤੋਂ ਚੀਨ ਲੜਕੀਆਂ ਭੇਜਣ ਵਾਲੇ ਗਿਰੋਹ ਦਾ ਪਰਦਾ ਫਾਸ਼ ਕੀਤਾ ਹੈ। ਪੁਲਸ ਨੇ ਇਸ ਕੇਸ ਵਿੱਚ ਦੋ ਪਾਕਿਸਤਾਨੀ ਨਾਗਰਿਕਾਂ ਤੇ 14 ਚੀਨੀ ਨਾਗਰਿਕਾਂ ਸਮੇਤ 16 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ, ਪਰ ਚੀਨੀ ਨਾਗਰਿਕਾਂ ਨੂੰ ਛੁਡਵਾਉਣ ਲਈ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਨੇ ਪੂਰੀ ਤਾਕਤ ਲਾ ਦਿੱਤੀ ਹੈ। ਫਿਰੋਜ਼ਪੁਰ ਰੋਡ ਲਾਹੌਰ ਦੇ ਈਸਾਈ ਪਰਵਾਰ ਨੇ ਸੂਚਿਤ ਕੀਤਾ ਸੀ ਕਿ ਉਨ੍ਹਾਂ ਦੀ ਜਵਾਨ ਬੇਟੀ ਨੂੰ ਚੀਨ ਵਿੱਚ ਨੌਕਰੀ ਦਾ ਵਾਅਦਾ ਕਰ ਕੇ ਦੇਹ ਵਪਾਰ ਦੇ ਧੰਦੇ ਵਿੱਚ ਪਾ ਦਿੱਤਾ ਗਿਆ ਅਤੇ ਲਾਹੌਰ ਦੇ ਵਾਸੀ ਦੋ ਪਾਕਿਸਤਾਨੀ ਨਾਗਰਿਕ ਇਸ ਧੰਦੇ ਵਿੱਚ ਮੁੱਖ ਭੂਮਿਕਾ ਨਿਭਾ ਰਹੇ ਹਨ। ਇਸ ਸ਼ਿਕਾਇਤ ਪਿੱਛੋਂ ਪਾਕਿਸਤਾਨ ਫੈਡਰਲ ਇਨਵੈਸਟੀਗੇਸ਼ਨ ਏਜੰਸੀ (ਐਫ ਆਈ ਏ) ਨੇ ਲਾਹੌਰ ਦੇ ਜੌਹਰ ਇਲਾਕੇ ਵਿੱਚ ਛਾਪਾਮਾਰੀ ਕਰ ਕੇ ਪਾਕਿਸਤਾਨੀ ਅਤੇ ਚੀਨੀ ਨਾਗਰਿਕਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

## ਸਿਆਲ ਦੀਆਂ ਹਵਾਵਾਂ ਨੇ ਆਰਕਟਿਕ ਸਾਗਰ ਦੀ ਪੁਰਾਣੀ ਬਰਫ ਨੂੰ ਪਿਘਲਣ ਲਾਇਆ

ਲੰਡਨ, 8 ਅਗਸਤ (ਪੋਸਟ ਬਿਊਰੋ)- ਹਵਾ ਦੇ ਵਹਾਅ ਦੇ ਗੈਰ ਸਾਵੇਂ ਪੈਟਰਨ ਨੇ ਸਾਲ 2020 ਦੇ ਸਿਆਲ ਵਾਲੇ ਮੌਸਮ ਵਿੱਚ ਆਰਕਟਿਕ ਮਹਾਸਾਗਰ ਦੀ ਪੁਰਾਣੀ ਬਰਫ ਨੂੰ ਅਸਥਿਰਤਾ ਸਥਿਤੀ ਵਿੱਚ ਪਾ ਦਿੱਤੀ ਹੈ। ਪਾਣੀ ਵਿੱਚ ਗਰਮਾਹਟ ਕਾਰਨ ਆਰਕਟਿਕ ਦੀ ਬਰਫ ਦਾ ਪੁਰਾਣਾ ਭੰਡਾਰ ਪਿਘਲਣ ਦਾ ਖਤਰਾ ਬਣ ਗਿਆ ਹ।

ਆਰਕਟਿਕ ਮਹਾਸਾਗਰ ਵਿੱਚ ਜਦੋਂ ਸਰਦੀ ਵਧਦੀ ਹੈ ਤਾਂ ਤਾਪਮਾਨ ਤੀਹ ਡਿਗਰੀ ਸੈਲਸੀਅਸ ਮਾਈਨਸ ਤੱਕ ਡਿੱਗ ਜਾਂਦਾ ਹੈ। ਸਮੁੰਦਰ ਦੀ ਉੱਪਰਲੀ ਸਤ੍ਹਾ ਉੱਤੇ ਵੱਗਦੀ ਬਰਫ ਦੀ ਪਰਤ ਹੋਰ ਮੋਟੀ ਹੋ ਜਾਂਦੀ ਹੈ, ਕਿਉਂਕਿ ਉਸ ਦੇ ਹੇਠਾਂ ਵਗਦਾ ਪਾਣੀ ਜੰਮ ਜਾਂਦਾ ਹੈ। ਉਹ ਬਰਫ ਉਨ੍ਹਾਂ ਸਥਾਨਾਂ ਵੱਲ ਰੁੜ੍ਹ ਕੇ ਚਲੀ ਜਾਂਦੀ ਹੈ, ਜਿੱਥੇ ਕਦੇ ਖੁੱਲ੍ਹਾ ਪਾਣੀ ਸੀ। ਗਰਮੀਆਂ ਵਿੱਚ ਜਦੋਂ ਤਾਪਮਾਨ ਵਧਦਾ ਹੈ ਤੇ ਸੂਰਜ ਦੀਆਂ ਕਿਰਨਾਂ ਤੇਜ਼ ਹੋ ਜਾਂਦੀਆਂ ਹਨ ਤਾਂ ਬਰਫ ਦੀ ਪਰਤ ਪਤਲੀ ਹੋ ਜਾਂਦੀ ਹੈ ਅਤੇ ਉਸ ਸਥਾਨ ਨੂੰ ਛੱਡ ਦਿੰਦੀ ਹੈ।

ਹਰ ਸਾਲ ਸਤੰਬਰ ਵਿੱਚ ਆਰਕ-ਟਿਕ ਸਾਗਰ ਵਿੱਚ ਬਰਫ ਸਾਲ ਦੇ ਸਭ ਤੋਂ ਹੇਠਲੇ ਪੱਧਰ ਤੱਕ ਰਹਿ ਜਾਂਦੀ ਹੈ ਤੇ ਇਸ ਉੱਤੇ ਵਿਗਿਆਨੀਆਂ ਦੀ ਨਜ਼ਰ ਹੁੰਦੀ ਹੈ ਕਿਉਂਕਿ ਇਹ ਸੰਕੇਤ ਦਿੰਦਾ ਹੈ ਕਿ ਖੇਤਰ ਕਿੰਨੀ ਤੇਜ਼ੀ ਨਾਲ ਬਦਲ ਰਿਹਾ ਹੈ। ਜੋ ਬਰਫ ਗਰਮੀ ਦੇ ਮੌਸਮ ਵਿੱਚ ਪਿਘਲਣ ਤੋਂ ਰਹਿ ਜਾਂਦੀ ਹੈ, ਉਹ ਸਿਆਲਾਂ ਦੇ ਇੱਕ ਹੋਰ ਮੌਸਮ ਲਈ ਤਿਆਰ ਹੋ ਜਾਂਦੀ ਹੈ। ਕੁਝ ਬਰਫ ਅਜਿਹੀ ਹੁੰਦੀ ਹੈ, ਜੋ ਪਿਘਲਣ ਤੋਂ ਪਹਿਲਾਂ ਗਰਮੀਆਂ ਦੇ ਕਈ ਮੌਸਮਾਂ ਦਾ ਸਾਹਮਣਾ ਕਰ ਲੈਂਦੀ ਹੈ। ਇਹ ਆਮ ਤੌਰ ਉੱਤੇ ਉਤਰੀ ਧਰੁਵ ਦੇ ਨੇੜੇ ਠੰਢੇ ਖੇਤਰਾਂ ਵਿੱਚ ਹੁੰਦਾ ਹੈ। ਜਿਸ ਬਰਫ ਦੀ ਹੋਂਦ ਗਰਮੀਆਂ ਵਿੱਚ ਵੀ ਬਣੀ ਰਹਿੰਦੀ ਹੈ, ਉਸ ਨੂੰ ਸਥਾਈ ਬਰਫ (ਪੇਰੇਨੀਅਲ ਆਈਸ) ਕਹਿੰਦੇ ਹਨ। ਇਹ ਆਰਕਟਿਕ ਸਾਗਰ ਦੇ ਜਲਵਾਯੂ ਤੇ ਵਾਤਾਵਰਣ ਦਾ ਅਹਿਮ ਹਿੱਸਾ ਹੈ, ਜੋ ਗਲੋਬਲ ਵਾਰਮਿੰਗ ਕਾਰਨ ਗਾਇਬ ਹੁੰਦਾ ਜਾ ਰਿਹਾ ਹੈ।


BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE



AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-



Karnail Singh
416.670.3173 | 905.799.7333
27 Edvac Dr, Brampton, ON L6S 5X8

ਲੈਂਡਸਕੇਪ ਕਾਮਿਆਂ ਦੀ ਲੋੜ
WORK MATCH INC.
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
- ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
- ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
- ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।



ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com

jobs! jobs! jobs! jobs! jobs!
HELP WANTED
DUNDAS·JAFINE
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

# ਹੁਸ਼ਿਆਰਪੁਰ ਦੇ ਸਰਕਾਰੀ ਸਕੂਲ ਦਾ ਨਾਂਅ ਡਾ: ਬੀ ਆਰ ਅੰਬੇਡਕਰ ਸਕੂਲ ਹੋਵੇਗਾ

## *ਸ਼ਹੀਦਾਂ ਦੇ ਨਾਂਅ ਉਤੇ 14 ਸਕੂਲਾਂ ਦੇ ਨਾਂਅ ਰੱਖੇ

ਚੰਡੀਗੜ੍ਹ, 8 ਅਗਸਤ (ਪੋਸਟ ਬਿਊਰੋ)- 'ਸੂਬਾ ਸਰਕਾਰ ਨੇ 14 ਸਕੂਲਾਂ ਦਾ ਨਾਂਅ ਸ਼ਹੀਦਾਂ, ਆਜ਼ਾਦੀ ਘੁਲਾਟੀਆਂ ਅਤੇ ਹੋਰ ਉਘੀਆਂ ਸ਼ਖਸੀਅਤਾਂ ਦੇ ਨਾਂਅ ਉੱਤੇ ਰੱਖਿਆ ਹੈ।' ਇਸ ਦਾ ਪ੍ਰਗਟਾਵਾ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਨੇ ਕੀਤਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਰਕਾਰੀ ਐਲੀਮੈਂਟਰੀ ਸਕੂਲ ਬਸਤੀ ਬੀਨੇਵਾਲ ਦਾ ਨਾਂਅ ਬਦਲ ਕੇ ਡਾ: ਬੀ ਆਰ ਅੰਬੇਡਕਰ ਸਰਕਾਰੀ ਐਲੀਮੈਂਟਰੀ ਸਕੂਲ ਰੱਖਿਆ ਗਿਆ ਹੈ। ਬੀਨੇਵਾਲ ਸਕੂਲ ਦਾ ਨਾਂਅ ਸ਼ਹੀਦ ਬਲਦੇਵ ਰਾਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੀਨੇਵਾਲ ਰੱਖਿਆ ਗਿਆ ਹੈ। ਮੰਤਰੀ ਨੇ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਪੱਖੋ ਕਲਾਂ ਦਾ ਨਾਂਅ ਸ਼ਹੀਦ ਰਣਜੀਤ ਸਿੰਘ ਸ਼ੌਰਿਆ ਚੱਕਰ ਵਿਜੇਤਾ ਸਰਕਾਰੀ ਪ੍ਰਾਇਮਰੀ ਸਕੂਲ ਪੱਖੋ ਕਲਾਂ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਸਰਕਾਰੀ ਮਿਡਲ ਸਕੂਲ ਮੱਛਰਾਏ ਕਲਾਂ ਦਾ ਨਾਂਅ ਸ਼ਹੀਦ ਅਤਰ ਸਿੰਘ ਸ਼ਹੀਦ ਜਵਾਹਰ ਸਿੰਘ ਸਰਕਾਰੀ ਮਿਡਲ ਸਕੂਲ ਮੱਛਰਾਏ ਕਲਾਂ, ਜ਼ਿਲ੍ਹਾ ਗੁਰਦਾਸਪੁਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਵੀਲਾ ਤੇਜਾ ਦਾ ਨਾਂਅ ਆਜ਼ਾਦੀ ਘੁਲਾਟੀਏ ਸੁਰੈਣ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਵੀਲਾ ਤੇਜਾ ਅਤੇ ਜ਼ਿਲ੍ਹਾ ਮਾਨਸਾ ਦੇ ਸਰਕਾਰੀ ਮਿਡਲ ਸਕੂਲ ਬਰਨਾਲਾ ਦਾ ਨਾਂਅ ਸ਼ਹੀਦ ਗੁਰਮੇਲ ਸਿੰਘ ਸਰਕਾਰੀ ਮਿਡਲ ਸਕੂਲ ਬਰਨਾਲਾ ਰੱਖਿਆ ਗਿਆ ਹੈ।ਸਿੰਗਲਾ ਨੇ ਦੱਸਿਆ ਕਿ ਜ਼ਿਲ੍ਹਾ ਮੋਗਾ ਦੇ ਸਰਕਾਰੀ ਹਾਈ ਸਕੂਲ ਡੇਮਰੂ ਖੁਰਦ ਦਾ ਨਾਂਅ ਬਦਲ ਕੇ ਸ਼ਹੀਦ ਲਖਵੀਰ ਸਿੰਘ ਸਰਕਾਰੀ ਹਾਈ ਸਕੂਲ ਡੇਮਰੂ ਖੁਰਦ, ਜ਼ਿਲ੍ਹਾ ਪਠਾਨਕੋਟ ਦੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਘਰੋਟਾ ਦਾ ਨਾਂਅ ਆਜ਼ਾਦੀ ਘੁਲਾਟੀਆ ਹੰਸ ਰਾਜ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਘਰੋਟਾ, ਜ਼ਿਲ੍ਹਾ ਪਟਿਆਲਾ ਵਿਚ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਮਰਦਾਂਹੇੜੀ ਦਾ ਨਾਂਅ ਸ਼ਹੀਦ ਸਲੀਮ ਖਾਨ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਮਰਦਾਂਹੇੜੀ, ਜ਼ਿਲ੍ਹਾ ਸੰਗਰੂਰ ਦੇ ਸਰਕਾਰੀ ਹਾਈ ਸਕੂਲ ਸਤੌਜ ਦਾ ਨਾਂਅ ਸ਼ਹੀਦ ਹੌਲਦਾਰ ਜਗਸੀਰ ਸਿੰਘ ਸਰਕਾਰੀ ਹਾਈ ਸਕੂਲ ਸਤੌਜ, ਜ਼ਿਲ੍ਹਾ ਐਸ ਏ ਐਸ ਨਗਰ ਦੇ ਸਰਕਾਰੀ ਹਾਈ ਸਕੂਲ ਦੱਪਰ ਦਾ ਨਾਂਅ ਸ਼ਹੀਦ ਸੂਬੇਦਾਰ ਬਲਵੀਰ ਸਿੰਘ ਸਰਕਾਰੀ ਹਾਈ ਸਕੂਲ ਦੱਪਰ ਅਤੇ ਜ਼ਿਲ੍ਹਾ ਤਰਨ ਤਾਰਨ ਦੇ ਸਰਕਾਰੀ ਐਲੀਮੈਂਟਰੀ ਸਕੂਲ ਕਲਸੀਆਂ ਖੁਰਦ ਦਾ ਨਾਂਅ ਸ਼ਹੀਦ ਮਨਦੀਪ ਸਿੰਘ ਸਰਕਾਰੀ ਐਲੀਮੈਂਟਰੀ ਸਕੂਲ ਕਲਸੀਆਂ ਖੁਰਦ ਰੱਖਿਆ ਹੈ।ਸਿੱਖਿਆ ਮੰਤਰੀ ਨੇ ਹੋਰ ਦਸਿਆ ਕਿ ਜ਼ਿਲ੍ਹਾ ਮੁਕਤਸਰ ਸਾਹਿਬ ਦੇ ਦੋ ਸਕੂਲਾਂ ਦਾ ਨਾਂਅ ਉਨ੍ਹਾਂ ਸ਼ਹੀਦਾਂ ਦੇ ਨਾਂਅ ਉੱਤੇ ਰੱਖਿਆ ਗਿਆ ਹੈ ਜਿਨ੍ਹਾਂ ਨੇ ਦੇਸ਼ ਦੀ ਰਾਖੀ ਕਰਦਿਆਂ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਸਰਕਾਰੀ ਹਾਈ ਸਕੂਲ ਗੱਗੜ੍ਹ ਦਾ ਨਾਂਅ ਸ਼ਹੀਦ ਸੂਬੇਦਾਰ ਜਸਵੰਤ ਸਿੰਘ ਸਰਕਾਰੀ ਹਾਈ ਸਕੂਲ ਗੱਗੜ੍ਹ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਅਟਾਰੀ ਸਦਰਵਾਲਾ ਦਾ ਨਾਂਅ ਸ਼ਹੀਦ ਬਲਦੇਵ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਅਟਾਰੀ ਸਦਰਵਾਲਾ ਰੱਖਿਆ ਗਿਆ ਹੈ।

# ਮਮਤਾ ਬੈਨਰਜੀ ਨੇ ਨਵੇਂ ਬਿਜਲੀ ਕਾਨੂੰਨ ਦੇ ਵਿਰੁੱਧ ਮੋਰਚਾ ਮੱਲਿਆ

ਕੋਲਕਾਤਾ, 8 ਅਗਸਤ (ਪੋਸਟ ਬਿਊਰੋ)- ਪਾਰਲੀਮੈਂਟ ਵਿੱਚ ਵਿਚਾਰ ਲਈ ਲਿਆਂਦੇ ਗਏ ਬਿਜਲੀ (ਸੋਧ) ਬਿੱਲ 2020 ਦੇ ਵਿਰੁੱਧ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮੋਰਚਾ ਖੋਲ੍ਹ ਦਿੱਤਾ ਹੈ।

ਮਮਤਾ ਬੈਨਰਜੀ ਨੇ ਇਸ 'ਲੋਕ ਵਿਰੋਧੀ' ਕਦਮ ਦਾ ਵਿਰੋਧ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਇਸ ਬਿੱਲ ਨੂੰ ਅੱਗੇ ਨਾ ਵਧਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਇਸ ਵਿਸ਼ੇ ਉੱਤੇ ਵਿਆਪਕ ਅਤੇ ਪਾਰਦਰਸ਼ੀ ਗੱਲਬਾਤ ਛੇਤੀ ਤੋਂ ਛੇਤੀ ਸ਼ੁਰੂ ਕੀਤੀ ਜਾਵੇ।" ਮਮਤਾ ਬੈਨਰਜੀ ਨੇ ਲਿਖਿਆ, "ਮੈਂ ਬਦਨਾਮ ਬਿਜਲੀ (ਸੋਧ) ਬਿੱਲ 2020 ਪਾਰਲੀਮੈਂਟ ਵਿੱਚ ਪੇਸ਼ ਕਰਨ ਦੀ ਕੇਂਦਰ ਸਰਕਾਰ ਦੀ ਨਵੀਂ ਪਹਿਲ ਦੇ ਵਿਰੁੱਧ ਆਪਣਾ ਵਿਰੋਧ ਦਰਜ ਕਰਾਉਣ ਲਈ ਪੱਤਰ ਲਿਖ ਰਹੀ ਹਾਂ। ਇਸ ਨੂੰ ਪਿਛਲੇ ਸਾਲ ਪੇਸ਼ ਕੀਤਾ ਜਾਣਾ ਸੀ, ਪਰ ਸਾਡੇ ਵਿੱਚੋਂ ਕਈ ਲੋਕਾਂ ਨੇ ਖਰੜਾ ਬਿੱਲ ਦੇ ਲੋਕ ਵਿਰੋਧੀ ਪਹਿਲੂਆਂ ਦੀ ਮੁੜ ਵਿਚਾਰ ਦੀ ਮੰਗ ਕੀਤੀ ਸੀ ਅਤੇ ਮੈਂ 12 ਜੂਨ 2020 ਨੂੰ ਤੁਹਾਨੂੰ ਲਿਖੇ ਆਪਣੇ ਪੱਤਰ ਵਿੱਚ ਇਸ ਬਿੱਲ ਦੇ ਸਾਰੇ ਮੁੱਖ ਨੁਕਸਾਨਾਂ ਬਾਰੇ ਵਿਸਥਾਰ ਵਿੱਚ ਦੱਸਿਆ ਸੀ।" ਉਨ੍ਹਾ ਨੇ ਪਿਛਲੇ ਸਾਲ 12 ਜੂਨ ਨੂੰ ਮੋਦੀ ਨੂੰ ਚਿੱਠੀ ਲਿਖ ਕੇ ਬਿਜਲੀ (ਸੋਧ) ਬਿੱਲ 2020 ਦੇ ਖਰੜੇ ਬਾਰੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ ਸੀ, ਜੋ ਉਨ੍ਹਾਂ ਮੁਤਾਬਕ ਦੇਸ਼ ਦੇ ਫੈਡਰਲ ਢਾਂਚੇ ਨੂੰ 'ਬਰਬਾਦ' ਕਰਨ ਦੀ ਕੇਂਦਰ ਦੀ ਇੱਕ ਕੋਸ਼ਿਸ਼ ਸੀ। ਉਨ੍ਹਾਂ ਦਾਅਵਾ ਕੀਤਾ ਕਿ ਇਸ ਬਿੱਲ ਦਾ ਉਦੇਸ਼ ਸਮੁੱਚੇ ਰਾਜ ਬਿਜਲੀ ਗਰਿੱਡ ਨੂੰ ਰਾਸ਼ਟਰੀ ਗਰਿੱਡ ਦਾ ਹਿੱਸਾ ਬਣਾਉਣਾ ਹੈ। ਉਨ੍ਹਾਂ ਕਿਹਾ, 'ਮੈਂ ਇਹ ਸੁਣ ਕੇ ਹੈਰਾਨ ਹਾਂ ਕਿ ਸਾਡੇ ਇਤਰਾਜ਼ਾਂ ਉੱਤੇ ਵਿਚਾਰ ਕੀਤੇ ਬਿਨਾਂ ਇਹ ਬਿੱਲ ਲਿਆਂਦਾ ਜਾ ਰਿਹਾ ਹੈ ਅਤੇ ਇਸ ਵਾਰ ਇਸ ਵਿੱਚ ਬਹੁਤ ਕੁਝ ਜਨ-ਵਿਰੋਧੀ ਨੁਕਤੇ ਵੀ ਹਨ।"

# ਸਰਹੱਦੀ ਵਿਵਾਦ ਕਾਰਨ ਮੀਜ਼ੋਰਮ ਵਿੱਚ ਪੈਟਰੋਲ ਤੇ ਡੀਜ਼ਲ ਦਾ ਸੰਕਟ



ਆਈਜਲ, 8 ਅਗਸਤ (ਪੋਸਟ ਬਿਊਰੋ)- ਅਸਾਮ ਦੇ ਨਾਲ ਸਰਹੱਦੀ ਵਿਵਾਦ ਕਾਰਨ ਨੈਸ਼ਨਲ ਹਾਈਵੇ 306 ਉੱਤੇ ਡੀਜ਼ਲ ਲੈ ਕੇ ਜਾਣ ਵਾਲੇ ਟੈਂਕਰਾਂ ਸਮੇਤ ਵਾਹਨਾਂ ਦੀ ਆਵਾਜਾਈ ਬੰਦ ਰਹਿਣ ਨਾਲ ਮੀਜ਼ੋਰਮ ਵਿੱਚ ਪੈਟਰੋਲ-ਡੀਜਲ ਦੀ ਕਿੱਲਤ ਪੈਦਾ ਹੋ ਗਈ ਹੈ। ਇਸ ਸੰਕਟ ਨਾਲ ਨਿਪਟਣ ਲਈ ਸੂਬਾ ਸਰਕਾਰ ਨੇ ਵੱਖ-ਵੱਖ ਕਿਸਮ ਦੇ ਵਾਹਨਾਂ ਦੇ ਲਈ ਤੇਲ, ਪੈਟਰੋਲ, ਡੀਜ਼ਲ ਆਦਿ ਦੀ ਮਾਤਰਾ ਤੈਅ ਕਰ ਦਿੱਤੀ ਹੈ।

ਇਸ ਰਾਜ ਦੇ ਖੁਰਾਕ ਸਪਲਾਈ ਅਤੇ ਖਪਤਕਾਰ ਵਿਭਾਗ ਨੇ ਬੀਤੇ ਦਿਨੀਂ ਹੁਕਮ ਜਾਰੀ ਕੀਤਾ ਕਿ ਅੰਤਰ ਰਾਜੀ ਸਰਹੱਦੀ ਵਿਵਾਦ ਦੇ ਕਾਰਨ ਸੂਬੇ ਨੂੰ ਤੇਲ ਦੇ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਤੇਲ ਗੁਆਂਢੀ ਸੂਬੇ ਆਸਾਮ ਦੇ ਰਸਤੇ ਮੀਜ਼ੋਰਮ ਪਹੁੰਚਦਾ ਹੈ। ਹੁਕਮ ਮੁਤਾਬਕ ਸਾਰੇ ਫਿਲਿੰਗ ਸਟੇਸ਼ਨਾਂ ਨੂੰ ਹੁਕਮ ਦਿੱਤਾ ਗਿਆ ਹੈ ਕਿ ਉਹ ਕਿਸੇ ਵਾਹਨ ਦੇ ਲਈ ਤੈਅ ਮਾਤਰਾ ਤੋਂ ਵੱਧ ਪੈਟਰੋਲ ਅਤੇ ਡੀਜ਼ਲ ਨਾ ਦੇਣ, ਕੇਵਲ ਉਨ੍ਹਾਂ ਵਾਹਨਾਂ ਦੇ ਲਈ ਈਂਧਣ ਦਿੱਤਾ ਜਾਏਗਾ, ਜੋ ਫਿਲਿੰਗ ਸਟੇਸ਼ਨਾਂ ਉੱਤੇ ਜਾਂਦੇ ਹਨ।ਛੇ, ਅੱਠ ਅਤੇ ਬਾਰ੍ਹਾਂ ਪਹੀਆ ਵਾਹਨਾਂ, ਜਿਵੇਂ ਭਾਰੀ ਮੋਟਰ ਵਾਹਨਾਂ ਵੱਲੋਂ ਇੱਕ ਵਾਰ ਖਰੀਦੇ ਜਾ ਸਕਣ ਵਾਲੇ ਤੇਲ ਦੀ ਮਾਤਰਾ ਪੰਜਾਹ ਲੀਟਰ ਤੇ ਦਰਮਿਆਨੇ ਮੋਟਰ ਵਾਹਨਾਂ ਜਿਵੇਂ ਪਿਕਅਪ ਟਰੱਕਾਂ ਦੇ ਲਈ 20 ਲੀਟਰ ਤਕ ਸੀਮਿਤ ਕਰ ਦਿੱਤੀ ਗਈ ਹੈ।ਹੁਕਮ ਵਿੱਚ ਕਿਹਾ ਗਿਆ ਕਿ ਸਕੂਟਰ ਲਈ ਵੱਧ ਤੋਂ ਵੱਧ ਤਿੰਨ ਲੀਟਰ ਅਤੇ ਕਾਰਾਂ ਲਈ 10 ਲੀਟਰ ਈਂਧਣ ਦੀ ਮਨਜ਼ੂਰੀ ਦਿੱਤੀ ਗਈ ਹੈ। ਚੌਲਾਂ ਦੇ ਬੋਰੇ, ਤੇਲ ਅਤੇ ਰਸੋਈ ਗੈਸ ਲੈ ਜਾਣ ਵਾਲੇ ਟਰੱਕਾਂ ਨੂੰ ਓਨਾ ਈਂਧਣ ਲੈਣ ਦੀ ਮਨਜ਼ੂਰੀ ਹੋਵੇਗੀ, ਜੋ ਸੂਬੇ ਵਿੱਚ ਆਉਣ ਅਤੇ ਨਿਕਲਣ ਦੇ ਸਫਰ ਲਈ ਲੋੜੀਂਦੀ ਹੋਵੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM
KULWINDERCHHINA
BROKER
647.293.2327

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

## ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

Sales Person Required
**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੋਆ

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Check our Free E-paper at www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਪੰਜਾਬੀ ਪੋਸਟ

WANTED
Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

ਵਰਕਰਾਂ ਦੀ ਲੋੜ
ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਸੰਪਰਕ: 647-205-5909, 416-618-3358

ਵਰਕਰਾਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।

WORK MATCH INC.
ਲੈਂਡਸਕੇਪ ਕਾਮਿਆਂ ਦੀ ਲੋੜ
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।
ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com

